# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ



ਜੁਲਾਈ ੧੯੭੭

July 1977

ਉਲੀਕਣ ਲਈ ੯-੧੦ ਜੁਲਾਈ ੧੯੭੭ ਨੂੰ

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ੩/੭੦-੬੮-੨੧ (ਮਿਤੀ ੧੭-੧੦--੬੮ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

---

# ਤਤਕਰਾ

| | | |
|---|---|---|
| ਮੇਰੀ ਅੱਖੀਆਂ (ਕਾਵਿ-ਉਡਾਰੀ) | ਭਾਈ ਸਾਹਿਬ ਰਣਧੀਰ ਸਿੰਘ ਜੀ | ੧ |
| ਨਾਮ ਦਾ ਦਾਤਾ ਕੌਣ ਹੈ ? | ,, ,, ,, | ੨ |
| ਤਤਸਾਰ ਬਿਬੇਕ—ਸਿਫਤਿ ਸਲਾਹ | ,, ,, ,, | ੬ |
| ਜਾਪੁ ਸਾਹਿਬ—ਕਾਵਿ ਅਨੁਵਾਦ | ਜੇ. ਪੀ. ਸੰਗਤ ਸਿੰਘ ਜੀ | ੮ |
| ਮੁਕਤਿ ਪੰਥ (ਮੁਕਤੀ ਦਾ ਰਾਹ) | ਭਾਈ ਜੋਗਿੰਦਰ ਸਿੰਘ ਜੀ | ੧੧ |
| ਨਾਮ-ਰੰਗ ਰਤੜਾ ਦਸਮੇਸ਼ ਦੁਲਾਰਾ | 'ਸੂਰਾ' ਪਰਵਾਰ | ੧੩ |
| ਇਕ ਅਚਰਜ ਘਟਨਾ | ਪ੍ਰੋਫੈਸਰ ਸਾਹਿਬ ਸਿੰਘ ਜੀ | ੨੨ |
| ਮਾਸਾਹਾਰ ਦੇ ਨੁਕਸਾਨ (ਡਾਕਟਰਾਂ ਦੀ ਰਾਇ) | ਜੇ. ਪੀ. ਸੰਗਤ ਸਿੰਘ ਜੀ | ੨੩ |
| ਗੁਰੂ ਨਾਨਕ ਦੇਵ ਜੀ ਦੀਆਂ ਬਾਲਮ ਸਾਖੀਆਂ | ਭਾਈ ਸਾਹਿਬ ਡਾ: ਵੀਰ ਸਿੰਘ ਜੀ | ੨੫ |
| ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਲਮ ਸਾਖੀਆਂ | ,, ,, | ੨੬ |
| ਗੁਰੂ ਮੇਰੈ ਸੰਗਿ ਸਦਾ ਹੈ ਨਾਲੇ | ਪਾਦਰੀ ਦੀ ਮੁਲਕਾਤ | ੨੯ |
| ਇਹ ਕੁਰੀਤੀਆਂ ਕਿਸ ਲਈ ? | ਸ: ਇਕਬਾਲ ਸਿੰਘ ਜੀ | ੩੬ |
| ਬਾਬਾ ਦੀਪ ਸਿੰਘ ਜੀ | ਗਿਆਨੀ ਭਜਨ ਸਿੰਘ ਜੀ | ੩੭ |
| ਲੈਂਦੇ ਸਤਿਗੁਰ ਬਖ਼ਸ਼ (ਕਵਿਤਾ) | ਸ: ਦੇਵਾ ਸਿੰਘ ਜੀ ਕਿਰਤੀ | ੩੯ |
| ਸਤਸੰਗਤਿ ਕੈਸੀ ਜਾਣੀਐ | ,, ,, | ੪੦ |
| ਭਲਾ ਕਰਨਾ, ਭੁਲੋਂ ਡਰਨਾ, ਭਾਣਾ ਮੰਨਣਾ | ,, ,, | ੪੦ |

## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | | |
|---|---|---|---|---|
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | | ੩-੦੦ | ਰੰਗਲੇ ਸਜਣ | ੪-੦੦ |
| ਗੁਰਮਤਿ ਸਚ ਨਿਰਣੈ | | ੬-੦੦ | ਗੁਰਮਤਿ ਬਿਬੇਕ | ੭-੫੦ |
| ਝਟਕਾ ਮਾਸ ਪ੍ਰਥਾਇ ਤਤ ਨਿਰਣੈ | | ੩-੦੦ | ਗੁਰਮਤਿ ਗੌਰਵਤਾ | ੭-੦੦ |
| ਗੁਰਮਤਿ ਰਮਜ਼ਾਂ | | ੧-੩੦ | ਦਰਸ਼ਨ ਝਲਕਾਂ | ੨-੫੦ |
| ਗੁਰਮਤਿ ਨਾਮ ਅਭਿਆਸ ਕਮਾਈ | ੪-੫੦ | ੬-੫੦ | ਅੰਮ੍ਰਿਤ ਕੀ ਹੈ ? | ੨-੦੦ |
| ਕੋ ਵਿਰਲਾ ਗੁਰਮਤਿ ਚਲੈ ਜੀਉ | | ੦-੨੦ | ਉਮਰ ਕੈਦੀ ਦਾ ਸੁਪਨਾ | ੦-੨੫ |
| ਸੱਚੀਅ ਦਾੜ੍ਹੀਆਂ | | ੦-੨੦ | ਚਰਨ ਕਮਲ ਕੀ ਮਉਜ | ੦-੭੫ |
| Dawn of Divine Wisdom | | 0-75 | ਅੰਮ੍ਰਿਤ ਕਲਾ | ੦-੪੦ |

ਸਿਖ ਧਰਮ ਤੇ ਮਾਸ ਸ਼ਰਾਬ ਵਲੋਂ ਜੇ. ਪੀ. ਸੰਗਤ ਸਿੰਘ ਜੀ ੩-੦੦

---

ਗੰਭੀਰ ਪ੍ਰਿੰਟਿੰਗ ਪ੍ਰੈਸ, ਚੌਕ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੭.੭੭ ਨੂੰ ਪ੍ਰਕਾਸ਼ਤ ਕੀਤਾ।
ਟੈਲੀਫ਼ੋਨ ਨੰਬਰ 5 1 8 4 7

www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥




ਸਾਲਾਨਾ ਚੰਦਾ ੮-੦੦
ਇਕ ਪਰਚਾ ੦-੭੫
ਪਰਦੇਸ
ਸਮੁੰਦਰੀ ਡਾਕ ੧੮-੫੦
ਹਵਾਈ ਡਾਕ
ਅਰਬ, ਮਲਾਇਆ ੩੫-੦੦
ਯੂ. ਕੇ., ਅਫਰੀਕਾ ੪੫-੦੦
ਕੈਨੇਡਾ, ਅਮਰੀਕਾ ੫੫-੦੦



**ਸੰਪਾਦਕੀ ਬੋਰਡ**
ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਗਿ: ਜਸਵੰਤ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ



## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੧ ਜੁਲਾਈ ੧੯੭੭ ਅੰਕ ੭


## ਮੇਰੀ ਅੱਖੀਆਂ

ਮੂਰਤ ਅਦੁਤ ਅਧਭੁਤ ਤੇਰੀ ਸਤਿਗੁਰ, ਮੁਰ ਮੁਰ ਹੇਰਿ ਹੁਲਸਾਈਆਂ ਮੇਰੀ ਅੱਖੀਆਂ ।
ਹੁਲਸ ਹੁਲਾਸ ਮੇਰਾ ਦਰਸ ਵਿਗਾਸ ਤੇਰਾ, ਪੇਖ ਪਰਗਾਸਿ ਬਿਸਮਾਈਆਂ ਮੇਰੀ ਅੱਖੀਆਂ ।
ਬਿਸਮ ਬਿਗਾਸ ਪੇਖ ਅੱਖੀਆਂ ਬਿਸਮ ਭਈ, ਨਿਸ ਦਿਨ ਪਿਰਮ ਕਸਾਈਆਂ ਮੇਰੀ ਅੱਖੀਆਂ ।
ਪਿਰਮ ਕਸਾਇ ਜਿਵੇਂ ਬਿਲਕ ਮੁਸਾਇ ਸਖੀ, ਇਕ-ਟਕ ਹੇਰਤ ਹੇਰਾਈਆਂ ਮੇਰੀ ਅੱਖੀਆਂ ।੧।
ਹੇਰਤ ਹੈਰਾਨ ਹੋਇ ਰਹੀ ਪਿਖ ਦਰਸ਼ਨ, ਦਰਸ ਪਰਸ ਸਰਸਾਈਆਂ ਮੇਰੀ ਅੱਖੀਆਂ ।
ਅੱਖੀਆਂ ਉਘਰ ਗਈਂ ਚਾਤ੍ਰਿਕ ਸਬਦ ਸੁਨ, ਜੋਤ ਰਸ ਜਗਨ ਜਗਾਈਆਂ ਮੇਰੀ ਅੱਖੀਆਂ ।
ਜਗਨ ਜਗਾਈਆਂ ਰਸ ਮਗਨ ਰਹਾਈਆਂ ਲਿਵ, ਸੁਰਤਿ ਗਗਨ ਗਮਨਾਈਆਂ ਮੇਰੀ ਅੱਖੀਆਂ ।
ਸੁਰਤਿ ਰਹੱਸ ਲਿਵ ਮੰਡਲ ਵਿਗੱਸ ਦਿਬ, ਜੋਤ ਦਿਸਾਈਆਂ ਉਮਗਾਈਆਂ ਮੇਰੀ ਅੱਖੀਆਂ ।੨।

[ ਭਾ: ਸਾ: ਰਣਧੀਰ ਸਿੰਘ ਲਿਖਤ ਪੁਸਤਕ "ਦਰਸ਼ਨ ਝਲਕਾਂ" ਵਿਚੋਂ

ਹੇਰ = ਦੇਖ ਕੇ । ਹੁਲਸ = ਖ਼ੁਸ਼ । ਪਿਰਮ ਕਸਾਈਆਂ = ਪ੍ਰੇਮ ਵਿਚ ਖਿਚੀਆਂ ਹੋਈਆਂ । ਬਿਲਕ = ਬਿੱਲੀ । ਮੁਸਾਇ = ਚੂਹਾ ।


ਚਿੱਠੀ ਪੱਤਰ ਤੇ ਰਕਮ ਭੇਜਣ ਲਈ :—

**ਮੈਨੇਜਰ 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ**



www.AKJ.Org

# ਨਾਮ ਦਾ ਦਾਤਾ ਕੌਣ ਹੈ ?

[ਵਲੋਂ :– ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਇਸ ਵਿਚ ਸੰਦੇਹ ਨਹੀਂ ਕਿ "ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ"† ਗੁਰਵਾਕ ਅਨੁਸਾਰ ਨਾਮ-ਰਸੀਏ ਗੁਰਮੁਖ ਜਨ ਬਹੁਤ ਵਿਰਲੇ ਹੀ ਹਨ, ਪਰ ਸਾਰੀ ਸ੍ਰਿਸ਼ਟੀ ਵਿਚੋਂ ਇਹ ਗੁਰਮੁਖ-ਖ਼ਾਲਸਾ-ਪੰਥ ਅਜਿਹੇ ਵਿਰਲਿਆਂ, ਥੋੜਿਆਂ ਚੁਣ-ਕਢੇ-ਲੱਧੇਵਾਰਿਆਂ, ਖ਼ਾਲਸ ਭਗਤ ਜਨਾਂ, ਸੱਚੇ ਸੁੱਚੇ ਨਾਮ-ਅਭਿਆਸੀਆਂ ਦਾ ਹੀ ਸਮੂਹ ਹੈ। ਇਸ ਗੁਰੂ ਨਾਨਕ-ਦਸਮੇਸ਼ ਜੀ ਦੇ ਸਾਜੇ-ਨਿਵਾਜੇ ਪੰਥ ਅੰਦਰ ਨਾਮ-ਅਭਿਆਸੀ ਗੁਰਮੁਖ ਜਨਾਂ ਦੀ ਕੋਈ ਥੁੜ ਤੇ ਕਮੀ ਨਹੀਂ, ਬਥੇਰੇ ਗੁੱਝੇ ਲਾਲ ਹਨ; ਪਰ ਏਸ ਦਾ ਇਹ ਭਾਵ ਨਹੀਂ ਕਿ ਸਾਰੇ ਹੀ ਨਾਮ-ਅਭਿਆਸੀ ਗੁਰਮੁਖ ਜਨਾਂ ਨੂੰ ਥਾਉਂ ਥਾਈਂ ਨਾਮ-ਦਾਤੇ ਗੁਰ ਪੀਰ ਪਰਵਾਨਿਆ ਜਾਏ। ਏਸ ਦਾ ਨਤੀਜਾ ਇਹ ਹੋਵੇਗਾ ਕਿ ਜਿਤਨੇ ਨਾਮ-ਰਸੀਏ ਗੁਰਮੁਖ ਜਨ ਹਨ, ਉਤਨੀਆਂ ਹੀ ਗੁਰੂ-ਡੰਮ-ਪ੍ਰਨਾਲੀਆਂ ਚਲ ਪੈਣਗੀਆਂ।

ਗੁਰੂ ਪੰਥ ਵਿਖੇ ਦਸੋਂ ਗੁਰੂ ਸਾਹਿਬਾਨ ਦੇ ਸਮੇਂ ਵਿਚ ਤੇ ਪਿਛੋਂ ਹੁਣ ਤਾਈਂ ਭੀ ਨਾਮ-ਅਭਿਆਸ ਕਮਾਈਆਂ ਵਾਲੇ ਪੁਗ ਖਲੋਤੇ ਗੁਰਮੁਖ ਚਲੇ ਆਏ ਹਨ; ਪਰ ਦਸੋਂ ਗੁਰੂ ਸਾਹਿਬਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਉਜੂਦਗੀ ਵਿਚ ਵਖਰੀ ਗੁਰੂ-ਡੰਮ ਕੋਈ ਪ੍ਰਵਾਣੀਕ ਨਹੀਂ ਹੋਈ। ਬਾਬਾ ਬੁੱਢਾ ਜੀ ਉਚ ਕੋਟੀ ਦੇ ਗੁਰਮੁਖ, ਨਾਮ ਅਭਿਆਸੀ ਤੇ ਬ੍ਰਹਮ ਗਿਆਨੀ ਸਨ, ਪਰ ਉਨ੍ਹਾਂ ਦੀ ਭੀ ਗੁਰੂ-ਡੰਮ ਸੰਪ੍ਰਦਾ ਨਹੀਂ ਸੀ, ਨਾ ਉਨ੍ਹਾਂ ਨੇ ਖ਼ੁਦ ਆਪਣੇ ਆਪ ਨੂੰ ਗੁਰੂ ਸਦਵਾਇਆ ਅਤੇ ਨਾ ਹੀ ਉਨ੍ਹਾਂ ਨੂੰ ਕਿਸੇ ਨੇ ਗੁਰੂ ਤਸਲੀਮ ਕੀਤਾ; ਤਦ ਹੋਰ ਏਥੇ ਕਿਸੇ ਦੀ ਕੀ ਵੱਟੀਦੀ ਹੈ।

ਸਤਿਗੁਰੁ ਦਾਤਾ ਹਰਿਨਾਮ ਕਾ ਪ੍ਰਭੁ ਆਪਿ ਮਿਲਾਵੈ ਸੋਇ ॥ ਸਤਿਗੁਰਿ ਹਰਿ ਪ੍ਰਭੁ ਬੁਝਿਆ ਗੁਰ ਜੇਵਡੁ ਅਵਰੁ ਨ ਕੋਇ ॥ ਹਉ ਗੁਰ ਸਰਣਾਈ ਢਹਿ ਪਵਾ ਕਰਿ ਦਇਆ ਮੇਲੇ ਪ੍ਰਭੁ ਸੋਇ ॥੭॥

[ਸਿਰੀਰਾਗੁ ਮ: ੪, ਪੰਨਾ ੩੯

ਸਤਿਗੁਰਿ ਦਿਤਾ ਹਰਿਨਾਮੁ ਅੰਮ੍ਰਿਤੁ ਚਖਿਆ ॥੧॥ (੨੦)

[ਵਾਰ ਗੂਜਰੀ ਮ: ੩, ਪੰਨਾ ੫੨੩

ਤਿਸੁ ਅਗੈ ਅਰਦਾਸਿ ਕਰਿ ਜੋ ਮੇਲੇ ਕਰਤਾਰੁ ॥ ਸਤਿਗੁਰੁ ਦਾਤਾ ਨਾਮ ਕਾ ਪੂਰਾ ਜਿਸੁ ਭੰਡਾਰੁ ॥ ਸਦਾ ਸਦਾ ਸਾਲਾਹੀਐ ਅੰਤੁ ਨ ਪਾਰਾਵਾਰੁ ॥੩॥

[ਸਿਰੀਰਾਗੁ ਮ: ੫, ਪੰਨਾ ੪੯

ਸਤਿਗੁਰ ਦਾਤੈ ਨਾਮੁ ਦਿੜਾਇਆ ॥
ਵਡਭਾਗੀ ਗੁਰ ਦਰਸਨੁ ਪਾਇਆ ॥
ਅੰਮ੍ਰਿਤ ਰਸੁ ਸਚੁ ਅੰਮ੍ਰਿਤੁ ਬੋਲੀ
ਗੁਰਿ ਪੂਰੈ ਅੰਮ੍ਰਿਤੁ ਲੀਚੈ ਜੀਉ ॥੩॥

[ਮਾਝ ਮ: ੪, ਪੰਨਾ ੯੬

ਸਤਿਗੁਰ ਦਾਤਾ ਮਿਲੈ ਮਿਲਾਇਆ ॥
ਪੂਰੈ ਭਾਗਿ ਮਨਿ ਸਬਦੁ ਵਸਾਇਆ ॥
ਨਾਨਕ ਨਾਮੁ ਮਿਲੈ ਵਡਿਆਈ
ਹਰਿ ਸਚੇ ਕੇ ਗੁਣ ਗਾਵਣਿਆ ॥੮॥

[ਮਾਝ ਮ: ੩, ਪੰਨਾ ੧੧੫

ਹਰਿ ਹਰਿ ਅਰਥਿ ਸਰੀਰੁ ਹਮ ਬੇਚਿਆ ਪੂਰੇ ਗੁਰ ਕੈ ਆਗੇ ॥ ਸਤਿਗੁਰ ਦਾਤੈ ਨਾਮੁ ਦਿੜਾਇਆ ਮੁਖਿ ਮਸਤਕਿ ਭਾਗ ਸਭਾਗੇ ॥ ॥੧॥

[ਗਉੜੀ ਪੂਰਬੀ ਮ: ੪

ਸਤਿਗੁਰ ਦਾਤਾ ਵਡਾ ਵਡ ਪੁਰਖੁ ਹੈ ਜਿਤੁ ਮਿਲਿਐ ਹਰਿ ਉਰਧਾਰੇ ॥ ਜੀਅ ਦਾਨੁ ਗੁਰਿ ਪੂਰੈ ਦੀਆ ਹਰਿ ਅੰਮ੍ਰਿਤ ਨਾਮੁ ਸਮਾਰੇ ॥੧॥

[ਰਾਮਕਲੀ ਮ: ੪, ਪੰਨਾ ੮੮੨

†ਗਉੜੀ ਕੀ ਵਾਰ ਮ: ੪, ਪਉੜੀ ੧੧, ਪੰਨਾ ੩੦੬



www.AKJ.Org

ਸਤਿਗੁਰ ਦਾਤਾ ਸਬਦੁ ਸੁਣਾਏ ॥ ਧਾਵਤੁ ਰਾਖੈ ਠਾਕਿ ਰਹਾਏ ॥ ਪੂਰੇ ਗੁਰ ਤੇ ਸੋਝੀ ਪਾਏ ॥੭॥ [ਗਉੜੀ ਮ: ੩, ਪੰਨਾ ੨੩੨

ਸਤਿਗੁਰੁ ਦਾਤਾ ਆਖੀਐ ਤੁਸਿ ਕਰੇ ਪਸਾਓ ॥ ਹਉ ਗੁਰ ਵਿਟਹੁ ਸਦ ਵਾਰਿਆ ਜਿਨਿ ਦਿਤੜਾ ਨਾਓ ॥੧੬॥

ਤਿਲੰਗ ਮ: ੪, ਪੰਨਾ ੭੨੬

ਸਤਿਗੁਰੁ ਦਾਤਾ ਰਾਮ ਨਾਮ ਕਾ ਹੋਰੁ ਦਾਤਾ ਕੋਈ ਨਾਹੀ ॥ ਜੀਅ ਦਾਨੁ ਦੇਇ ਤ੍ਰਿਪਤਾਸੇ ਸਚੈ ਨਾਮਿ ਸਮਾਹੀ ॥੨॥

[ਮਲਾਰ ਮ: ੩, ਪੰਨਾ ੧੨੫੯

ਇਸ ਤਰ੍ਹਾਂ ਦੇ ਅਨੇਕਾਂ ਗੁਰਵਾਕ ਹਨ, ਜੋ ਸਾਫ਼ ਤੌਰ ਪਰ ਸਿੱਧ ਕਰਦੇ ਹਨ ਕਿ ਨਾਮ ਦਾ ਦਾਤਾ ਕੇਵਲ ਸਤਿਗੁਰੂ ਹੀ ਹੈ । ਸਤਿਗੁਰੂ ਬਾਝਹੁ ਹੋਰ ਕੋਈ ਭੀ ਨਾਮ ਦਾ ਦਾਤਾ ਨਹੀਂ ਬਣ ਸਕਦਾ, ਅਰਥਾਤ ਸਤਿਗੁਰੂ ਬਾਝਹੁ ਹੋਰ ਕੋਈ ਸਿਖ, ਸੰਤ, ਮਹੰਤ, ਗੁਰਮੁਖ ਜਨ ਭਾਵੇਂ ਕਿਤਨਾ ਹੀ ਵੱਡਾ ਪੁਰਸ਼ ਬ੍ਰਹਮ ਗਿਆਨੀ ਹੋਵੇ, ਉਹ ਇਕੱਲਾ ਕਿਸੇ ਨੂੰ ਨਾਮ ਨਹੀਂ ਦੇ ਸਕਦਾ, ਨਾ ਉਹ ਨਾਮ ਦਾ ਦਾਤਾ ਬਣ ਸਕਦਾ ਹੈ । ਜੋ ਸਿਖ, ਸੰਤ, ਮਹੰਤ ਇਕੱਲੇ ਹੀ ਨਾਮ ਦੇਣ ਦੀ ਮਨਮਤਿ ਕਰਦੇ ਹਨ, ਉਹ ਨਾਮ ਦੇ ਦਾਤੇ ਗੁਰੂ ਬਣਨ ਦੀ ਹਮਾਕਤ ਕਰਦੇ ਹਨ ਤੇ ਸਤਿਗੁਰੂ ਦੇ ਸ਼ਰੀਕ ਬਣਦੇ ਹਨ; ਉਹ ਗੁਰਮੁਖ ਨਹੀਂ ਮਨਮੁਖ ਹਨ । [ਜਿਥੇ ਕੋਈ ਇਕ ਕਿਸੇ ਇਕ ਸਿਖ ਪਾਸੋਂ ਨਾਮ ਲੈਂਦਾ ਹੈ ਜਾਂ ਜਿਥੇ ਕੋਈ ਇਕ ਸਿਖ ਕਿਸੇ ਨੂੰ ਨਾਮ ਦੇਂਦਾ ਹੈ, ਉਥੇ ਸਮਝ ਲਵੋ ਕਿ ਪੱਕੀ ਗੁਰੂ-ਡੰਮ ਦਾ ਡਿੰਭ ਜਾਰੀ ਹੈ ।] ਸ੍ਰੀ ਗੁਰੂ ਦਸਮੇਸ਼ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅੰਤਮ ਤੌਰ ਪੁਰ ਗੁਰਿਆਈ ਬਖਸ਼ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਤੇ ਨਾਮ-ਦਾਨ ਦੇਣ ਦਾ ਅਧਿਕਾਰ ਦਿਤਾ । ਕਿਸੇ ਇਕ ਸਿਖ ਸੰਤ ਨੂੰ ਨਾਮ-ਦਾਤਾ ਸਮਝਣਾ, ਉਸ ਨੂੰ ਗੁਰੂ ਸੰਤ ਦੀ ਪਦਵੀ ਦੇਣਾ ਹੈ । ਉਪਰਲੇ ਗੁਰਵਾਕ ਸਾਫ਼ ਪਰਗਟ ਕਰਦੇ ਹਨ ਕਿ ਕੇਵਲ ਸਤਿਗੁਰੂ ਹੀ ਨਾਮ ਦਾ ਦਾਤਾ ਹੈ ਅਤੇ ਐਸੇ ਸਤਿਗੁਰੂ ਦਾ ਮੇਲ ਪ੍ਰਭੂ ਪ੍ਰਮਾਤਮਾ ਦੀ ਨਦਰ ਪ੍ਰਸਾਦਿ ਮਿਲੌਣੀ ਦੁਆਰਾ ਹੀ ਹੁੰਦਾ ਹੈ । ਧੁਰੋਂ ਪਠਾਏ ਹੁਕਮ ਅਨੁਸਾਰ ਸਤਿਗੁਰੂ ਨਾਨਕ ਦੇਵ ਜੀ ਇਸ ਸੰਸਾਰ ਅੰਦਰ ਆਉਂਦੇ ਹਨ ਤੇ ਧੁਰਿ ਲਿਖਤ ਸੰਜੋਗਾਂ ਨਾਲ ਹੀ ਅਧਿਕਾਰੀ ਜਨਾਂ ਨੂੰ ਐਸੇ ਸਤਿਗੁਰੂ ਦਾ ਮੇਲ ਮਿਲਾਪ ਤੇ ਪ੍ਰਾਪਤੀ ਹੁੰਦੀ ਹੈ । ਗੁਰੂ ਕਿਸੇ ਆਦਮੀ ਦੇ ਬਣਾਏ ਨਹੀਂ ਬਣਦੇ, ਆਪੇ ਬਣਾਈ ਬਣੌਟ ਦੁਆਰਾ ਨਹੀਂ ਬਣਦੇ, ਇਹ ਤਾਂ ਧੁਰੋਂ ਪਠਾਏ ਹੀ ਹੁੰਦੇ ਹਨ । ਅਕਾਲੀ ਹੁਕਮ ਅਨੁਸਾਰ ਏਸ ਕਲੀ ਕਾਲ ਅੰਦਰ ਸਤਿਗੁਰੂ ਦੀ ਪਦਵੀ ਪ੍ਰਾਪਤ ਹੋਈ ਤਾਂ ਕੇਵਲ ਸਤਿਗੁਰੂ ਨਾਨਕ ਦੇਵ ਜੋਤਿ ਸਰੂਪੀ ਦਸਾਂ ਪਾਤਸ਼ਾਹੀਆਂ ਨੂੰ, ਅਤੇ ਦੱਸਾਂ ਗੁਰੂਆਂ ਦੇ ਸੱਚੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪ੍ਰਾਪਤ ਹੋਈ । ਹੋਰ ਕਿਸੇ ਨੂੰ ਨਾ ਇਹ ਪਦਵੀ ਪ੍ਰਾਪਤ ਹੋਈ, ਨਾ ਹੁਣ ਹੋਣੀ ਹੈ, ਨਾ ਹੋਵੇਗੀ । ਡਿੰਭੀ ਗੁਰੂ ਪਿਛੇ ਬਥੇਰੇ ਹੋਏ, ਅੱਗੇ ਭੀ ਹੁੰਦੇ ਰਹਿਣਗੇ, ਪਰ ਸੱਚੇ ਸਤਿਗੁਰੂ ਦੀ ਪਦਵੀ ਕਿਸੇ ਨੂੰ ਭੀ ਪ੍ਰਾਪਤ ਨਹੀਂ ਹੋਈ ਤੇ ਨਾ ਹੋਵੇਗੀ । ਐਸੇ ਸੱਚੇ ਸਤਿਗੁਰੂ ਦੁਆਰਾ ਹੀ ਹਰੀ ਪ੍ਰਭ ਬੁਝੀਦਾ ਲਖੀਦਾ ਹੈ । ਗੁਰੂ ਦਾ ਪਦ ਘਟਦਾ ਹੈ ਤਾਂ ਕੇਵਲ ਧੁਰੋਂ ਆਏ ਸਤਿਗੁਰਾਂ ਪ੍ਰਥਾਇ ਹੀ ਘਟਦਾ ਹੈ । ਬੱਸ ! ਸਤਿਗੁਰੂ ਜੇਵਡ ਹੋਰ ਕੋਈ ਦੇਹਧਾਰੀ ਗੁਰੂ ਨਹੀਂ ਹੋ ਸਕਦਾ । ਐਸੇ ਸਤਿਗੁਰੂ ਦੀ ਸਰਣਾਈ ਢਹਿ ਪੈਣਾ, ਅਰਥਾਤ ਸਤਿਗੁਰੂ ਦੇ ਅਨਿੰਨ ਸਿਖ ਮੁਰੀਦ ਹੋਣ ਕਰਕੇ ਹੀ ਗੁਰਸਿਖਾਂ ਦਾ ਨਿਸਤਾਰਾ ਹੈ ।

ਕਿਸੇ ਨੂੰ 'ਉਪਦੇਸ਼ਟਾ ਗੁਰੂ' 'ਮੰਜੀ ਗੁਰੂ' ਕਹਿਣਾ ਸਭ ਫ਼ਜ਼ੂਲ ਹਨ । ਭਾਈ ਅਵਤਾਰ ਸਿੰਘ ਵਹੀਰੀਏ ਨੇ ਬਹੁਤ ਸਾਰੀਆਂ ਪੁਸਤਕਾਂ ਛਾਪੀਆਂ ਸਨ, ਜਿਨ੍ਹਾਂ ਵਿਚ ਬਾਬਾ ਖੇਮ ਸਿੰਘ ਜੀ ਬੇਦੀ ਨੂੰ 'ਮੰਜੀ ਗੁਰੂ' ਸਿੱਧ ਕਰਨ ਵਿਚ ਬਹੁਤਾ ਜ਼ੋਰ ਲਾਇਆ । ਉਨ੍ਹਾਂ ਦਾ ਇਹ ਕਥਨ ਸੀ ਕਿ ਗੱਦੀ ਗੁਰੂ ਤਾਂ ਗੁਰੂ ਸਾਹਿਬਾਨ ਹੀ ਹਨ, ਪਰ ਬਾਬਾ ਖੇਮ ਸਿੰਘ ਜੀ ਮੰਜੀ ਗੁਰੂ ਹਨ ।

ਅਸੀਂ ਇਕ 'ਹੰਸ ਸਰੋਵਰ' ਨਾਮੇ ਪੁਸਤਕ ਦੇਖੀ ਹੈ । ਉਸ ਵਿਚ ਭੀ ਨਿਰਾ ਗੁਰੂ-ਡੰਮ ਦੇ ਪ੍ਰਚਾਰ



www.AKJ.Org

ਦਾ ਹੀ ਡਿੰਭ ਰਚਿਆ ਹੈ। ਏਸ ਗੁਰੂ-ਡੰਮ ਦਾ ਬਾਨੀ ਇਕ 'ਠਾਕੁਰ ਜੀ' ਨਾਮੇ ਕੇਸ਼-ਹੀਨ ਹੈ, ਜਿਸ ਨੂੰ ਉਸ ਦੇ ਉਪਦੇਸ਼ਕ 'ਸੁਯੰਭੂ' ਯਾ ਸੁਤੇ ਪ੍ਰਕਾਸ਼ ਗੁਰੂ ਕਰਕੇ ਮੰਨਦੇ ਤੇ ਮਨਾਉਂਦੇ ਹਨ। ਉਸ ਨੂੰ ਉਸਦੇ ਕਈ ਮੁਰੀਦ ਗੁਰੂ ਨਾਨਕ ਸਾਹਿਬ ਦਾ ਅਵਤਾਰ ਤੇ ਕਈ ਬਾਬਾ ਸ੍ਰੀ ਚੰਦ ਦਾ ਅਵਤਾਰ ਦਸਦੇ ਹਨ। ਏਸ ਸ਼੍ਰੇਣੀ ਵਿਚ ਭੀ ਗੁਰੂ-ਡੰਭ ਦਾ ਸਿਲਸਿਲਾ ਚਲਿਆ ਹੋਇਆ ਹੈ। ਨਾਮ-ਦਾਤੇ ਗੁਰੂ ਇੱਟ ਚੁੱਕਣ ਤੇ ਨਿਕਲ ਆਉਂਦੇ ਹਨ। ਇਕ ਆਦਮੀ ਤੋਂ ਨਾਮ ਲੈਣ ਦੇਣ ਦਾ ਸਿਲਸਿਲਾ ਤਾਂ ਅਨੇਕਾਂ ਅਜਿਹੀਆਂ ਸ਼੍ਰੇਣੀਆਂ ਵਿਚ ਚਲਿਆ ਹੋਇਆ ਹੈ। ਏਹਨਾਂ ਨਾਮ-ਦਾਤੀਆਂ ਸੰਪ੍ਰਦਾਵਾਂ ਦੀ ਬੀਮਾਰੀ ਦਾ ਮੁਢ ਤਾਂ ਨਾਮਧਾਰੀਆਂ ਦੀ ਗੁਰੂ-ਡੰਮ ਸੰਪ੍ਰਦਾਇ ਹੈ, ਜਿਸ ਵਿਚ ਨਾਮ ਦੇਣ ਦੀ ਆਮ ਖੁਲ੍ਹ ਹੈ ਤੇ ਇਕ ਇਕੱਲਾ ਹੀ ਬਹੁਤਿਆਂ ਨੂੰ ਨਾਮ ਦੇ ਦਿੰਦਾ ਹੈ। ਏਸ ਖੁਲ੍ਹੀ ਖੇਡ ਨੇ ਨਾਮ-ਦਾਤ ਨੂੰ ਹਾਸੋ ਹੀਣਾ ਬਣਾ ਦਿਤਾ ਹੈ, ਜਿਸ ਤੋਂ ਸਰਦਾ-ਸੁਰਦਾ ਕੁਝ ਨਹੀਂ। ਇਹ ਸਭ ਕੁਝ ਗੁਰਮਤਿ ਅਸੂਲਾਂ ਤੋਂ ਬੇ-ਅਸੂਲੇ ਹੋਣ ਵਾਲੀ ਗੁਰੂ-ਡੰਮ ਹੈ। ਅੰਮ੍ਰਿਤ-ਧਾਰੀ ਹੋਏ ਬਾਝੋਂ, ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕੇ ਬਿਨਾਂ, ਕਿਸੇ ਜਗਿਆਸੂ ਨੂੰ, ਇਹ ਗੁਰਮਤਿ-ਸਰਟੀਫ਼ਿਕੇਟ ਗੁਰੂ-ਘਰ ਤੋਂ ਨਹੀਂ ਮਿਲ ਸਕਦਾ ਕਿ ਉਕਤ ਜਗਿਆਸੂ ਨੇ ਗੁਰੂ ਧਾਰਨ ਕਰ ਲਿਆ ਹੈ। ਉਹ ਨਿਗੁਰਾ ਹੀ ਰਹੇਗਾ ਅਤੇ ਨਿਗੁਰੇ ਨੂੰ ਸਗੁਰਾ ਕੀਤੇ ਬਾਝੋਂ ਨਾਮ ਗੁਰਮੰਤਰ ਦੇਣਾ ਅਕਾਰਥ ਤੇ ਗੁਰਮਤਿ ਤੋਂ ਉਲਟ ਹੈ।

ਇਹ ਬੀਮਾਰੀ ਪੈ ਗਈ ਹੈ ਤੇ ਸੰਤਗੀਰੀ ਤੋਂ ਗੁਰਗੀਰੀ ਵਲ ਨੂੰ ਹੱਥ ਵਧਾਇਆ ਜਾ ਰਿਹਾ ਹੈ, ਜਿਸ ਨੇ ਸੰਤ ਪਦ ਨੂੰ ਬਦਨਾਮ ਕਰ ਦਿਤਾ ਹੈ। ਬੇਸ਼ਕ ਗੁਰਬਾਣੀ ਵਿਚ ਐਸੇ ਗੁਰਵਾਕ ਹਨ ਜਿਨ੍ਹਾਂ ਵਿਚ ਗੁਰੂ ਕੇ ਸਿਖਾਂ ਪ੍ਰਥਾਇ ਭੀ ਸੰਤ ਪਦ ਘਟਦਾ ਹੈ, ਪਰ ਸਾਰੀ ਗੁਰਬਾਣੀ ਵਿਚ 'ਸੰਤ' ਅਤੇ 'ਸਾਧ' ਪਦ ਦੀ ਬਹੁਤੀ ਸ਼ਲਾਘਾ, ਪੂਜਮਈ ਸ਼ਲਾਘਾ ਜੋ ਹੈ ਸੋ ਸਿਰਫ਼ ਗੁਰੂ ਸਾਹਿਬਾਨ ਉਪਰ ਹੀ ਘਟਦੀ ਹੈ। ਸੁਖਮਨੀ ਸਾਹਿਬ ਵਿਚ 'ਸੰਤ', 'ਸਾਧ' ਤੇ 'ਬ੍ਰਹਮ ਗਿਆਨੀ' ਦੀ ਜੋ ਮਹਿਮਾ ਸ੍ਰੀ ਪੰਚਮ ਪਾਤਸ਼ਾਹ ਨੇ ਵਰਣਨ ਕੀਤੀ ਹੈ ਉਹ ਸਭ ਪਹਿਲੇ ਗੁਰੂ ਸਾਹਿਬਾਨ ਪ੍ਰਥਾਇ ਹੀ ਉਚਾਰਨ ਹੋਈ ਹੈ। ਗੁਰਮੁਖ, ਸਾਧ, ਸੰਤ ਮਈ ਮਹਿਮਾ ਗੁਰਮਤਿ ਆਦਰਸ਼ ਨਿਸ਼ਾਨਾ ਖ਼ਾਸ ਕਰ ਕੇਵਲ ਗੁਰੂ ਸਾਹਿਬਾਨ ਪਰ ਹੀ ਘਟਦਾ ਹੈ। ਕਲਜੁਗਿ ਵਿਚ ਪਰਗਟ ਹੋਏ ਗੁਰਮੁਖ ਗੁਰੂ ਸਾਧ ਦੀ ਮਹਿਮਾ, ਆਪ ਗੁਰੂ ਅਕਾਲ ਪੁਰਖ, ਕਰਤੇ ਪੁਰਖ ਨੇ ਗੁਰੂ-ਜਾਮਿਆਂ ਵਿਚ ਖਲੋਇ ਕੇ, ਗੁਰੂ ਸਾਹਿਬ ਦੇ ਮੁਖਾਰਬਿੰਦ ਤੋਂ ਉਚਾਰਨ ਕਰਾਈ। ਉਹ ਗੁਰਸਿਖ ਭੀ ਵਡਭਾਗੀ ਹਨ ਜਿਨ੍ਹਾਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਏਸ ਪ੍ਰਕਾਰ ਮਹਿਮਾ ਕੀਤੀ ਹੈ—

ਧੰਨੁ ਧਨੁ ਭਾਗ ਤਿਨਾ ਭਗਤ ਜਨਾ
ਜੋ ਹਰਿਨਾਮਾ ਹਰਿ ਮੁਖਿ ਕਹਤਿਆ॥
ਧਨੁ ਧਨੁ ਭਾਗ ਤਿਨਾ ਸੰਤ ਜਨਾ
ਜੋ ਹਰਿ ਜਸੁ ਸ੍ਰਵਣੀ ਸੁਣਤਿਆ॥
ਧਨੁ ਧਨੁ ਭਾਗ ਤਿਨਾ ਸਾਧ ਜਨਾ
ਹਰਿ ਕੀਰਤਨੁ ਗਾਇ ਗੁਣੀ ਜਨ ਬਣਤਿਆ॥
ਧਨੁ ਧਨੁ ਭਾਗ ਤਿਨਾ ਗੁਰਮੁਖਾ
ਜੋ ਗੁਰ ਸਿਖ ਲੈ ਮਨ ਜਿਣਤਿਆ॥
ਸਭਦੂ ਵਡੇ ਭਾਗ ਗੁਰਸਿਖਾ ਕੇ
ਜੋ ਗੁਰ ਚਰਣੀ ਸਿਖ ਪੜਤਿਆ ॥੧੮॥

[ਵਾਰ ਸੋਰਠ ਮ: ੪, ਪੰਨਾ ੬੪੯

ਏਸ ਗੁਰਵਾਕ ਅੰਦਰ ਸਤਿਗੁਰਾਂ ਨੇ ਗੁਰਸਿਖਾਂ ਨੂੰ ਪੰਜ ਪ੍ਰਕਾਰੀ ਖ਼ਿਤਾਬ ਦੇ ਕੇ ਵਡਿਆਇਆ ਹੈ। ਪਹਿਲਾਂ ਤਾਂ ਗੁਰਸਿਖ ਦੀ 'ਭਗਤ ਜਨ' ਕਹਿ ਕੇ ਮਹਿਮਾ ਕੀਤੀ ਹੈ, ਅਰਥਾਤ ਮੁਖ ਤੋਂ ਹਰ ਸਮੇਂ, ਹਰ ਖਿਨ ਨਾਮ ਜਪਣ ਵਾਲਿਆਂ ਗੁਰਸਿਖਾਂ ਨੂੰ ਭਗਤ ਜਨਾਂ ਦਾ ਖ਼ਿਤਾਬ ਦੇ ਕੇ 'ਧੰਨ ਧੰਨ' ਆਖਿਆ ਹੈ। ਦੂਜੀ ਤੁਕ ਵਿਚ 'ਹਰਿ ਜਸ' ਸ੍ਰਵਣੀ ਸੁਨਣਹਾਰਿਆਂ ਗੁਰਸਿਖਾਂ ਨੂੰ 'ਸੰਤ ਜਨਾ' ਦਾ ਰੁਤਬਾ ਦੇ ਕੇ 'ਧੰਨ ਧੰਨ' ਆਖਿਆ ਹੈ। ਤੀਜੀ ਤੁਕ ਵਿਚ 'ਹਰਿ ਕੀਰਤਨ' ਗਾਉਣ ਵਾਲੇ ਗੁਣੀ ਜਨ ਗੁਰਸਿਖਾਂ ਨੂੰ 'ਸਾਧ ਜਨਾਂ' ਦਾ ਮਰਤਬਾ ਦੇ ਕੇ



www.AKJ.Org

ਸਲਾਹਿਆ ਹੈ ਤੇ 'ਧੰਨ ਧੰਨ' ਅਲਾਇਆ ਹੈ। ਚੌਥੀ ਤੁਕ ਵਿਚ ਗੁਰ-ਦੀਖਿਆ ਲੈ ਕ ਤੇ ਗੁਰ-ਦੀਖਿਆ ਗੁਰਮੰਤ੍ਰ, ਗੁਰਮਤਿ ਨਾਮ ਦੀ ਅਭਿਆਸ ਗੁਰ ਕਮਾਈ ਕਰਿ, ਮਨ ਜਿਤਣ ਵਾਲਿਅ, ਸਦਾ ਪਰਣੇ ਰਹਿਣ ਵਾਲੇ ਸਤਿਗੁਰੂ ਦੇ ਸਨਮੁਖੀ ਸਿਖਾਂ ਨੂੰ 'ਗੁਰਮੁਖਾਂ' ਦੀ ਪਦਵੀ ਦੇ ਕੇ ਨਦਰ ਨਿਹਾਲਿਆ ਤੇ ਧੰਨ ਧੰਨਾਲਿਆ ਹੈ। ਪੰਜਵੀਂ ਤੁਕ ਅੰਦਰ ਸਦਾ ਗੁਰ ਪ੍ਰਾਇਣ ਹੋ ਕੇ, ਗੁਰ ਸ਼ਰਣੀ ਪੜੇ ਰਹਿਣ ਵਾਲਿਆਂ ਸਿੱਖਾਂ ਨੂੰ ਨਿਰੋਲ ਖ਼ਾਲਸਾ 'ਗੁਰਸਿਖ' ਆਖ ਕੇ, ਸਭ ਨੂੰ ਵਡੇ ਭਾਗਾਂ ਵਾਲੇ ਗੁਰਸਿਖਾਂ ਦਾ ਸਭ ਤੋਂ ਉਚਾ ਦਰਜਾ ਦਿਤਾ ਹੈ। ਸਿਖ ਨੂੰ ਸਦਾ ਗੁਰ ਕੇ ਚਰਣ ਸ਼ਰਣ ਸ਼ਰਣਾਗਤੀ ਸਿਖ ਰਹਿਣ ਵਿਚ ਹੀ ਸਭ ਤੋਂ ਵਡੀ ਵਡਿਆਈ ਹੈ: ਉਸ ਗੁਰਸਿਖ ਦੇ ਸਭ ਤੋਂ ਵਡੇ ਭਾਗ ਹਨ ਜੋ ਸਦਾ ਗੁਰੂ ਦੀ ਚਰਣ ਸ਼ਰਣ ਪਏ ਰਹਿਣ ਵਾਲਾ ਸਿਖ ਹੀ ਬਣਿਆ ਰਹਿੰਦਾ ਹੈ; ਕਦੇ ਗੁਰੂ ਬਣ ਕੇ ਗੁਰੂ ਦੀ ਬਰਾਬਰੀ ਨਹੀਂ ਕਰਦਾ, ਤੇ ਕਦੇ ਸੁਪਨੇ ਵਿਚ ਭੀ ਗੁਰੂ ਕਾ ਗੁਰਮੰਤ੍ਰ ਦਾਤਾਰਨੀ ਗੁਰਦੇਵ ਪਦਵੀ ਵਾਲਾ ਸੀਗਾ ਸਾਂਭਣ ਦੀ ਹਮਾਕਤ ਨਹੀਂ ਕਰਦਾ। ਐਸਾ ਕਰਨ ਵਿਚ ਉਸ ਦੀ ਗੁਰਸਿਖ ਪਦਵੀ ਵਾਲੀ ਵਡਿ-ਆਈ ਭੀ ਖੋਹੀ ਜਾਂਦੀ ਹੈ, ਉਸਦੇ ਉਪਰ ਗੁਰ-ਕਰੁਣਾ ਦੁਆਰਾ ਆਇਦ ਹੋਏ ਗੁਰ ਭਗਤ, ਸੰਤ, ਸਾਧ ਤੇ ਗੁਰਮੁਖ ਵਾਲੇ ਪਦ ਵੀ ਖੁਸ ਜਾਂਦੇ ਹਨ। **ਗੁਰੂ ਕੇ ਸਿਖਾਂ ਲਈ ਭਲੀ ਗੱਲ ਇਹੋ ਹੈ ਕਿ ਉਹ ਸਦਾ ਸਿਖ ਹੀ ਬਣੇ ਰਹਿਣ ਤੇ ਕਦੇ ਭੀ ਆਪਣੇ ਆਪ ਨੂੰ ਸੰਤ ਸਦਾਉਣ ਵਿਚ ਫ਼ਖਰ ਨਾ ਸਮਝਣ।** ਪਰਾਈ ਕਣੇਡ ਤੇ ਪਰਾਈ ਰੀਸ ਕੁਰੀਸੇ ਸੰਤ ਬਣ ਬਣ ਬੈਠਣਾ, ਭਲੇ ਸਿਖਾਂ ਦਾ ਕੰਮ ਨਹੀਂ।

ਤੇ ਸੰਤ ਭਲੇ ਗੁਰਸਿਖ ਹੈ ਜਿਨ ਨਾਹੀ ਚਿੰਤ
ਪਰਾਈ ਚੁਖਾ ॥੬॥

[ਵਡਹੰਸ ਕੀ ਵਾਰ, ਪੰਨਾ ੫੯੮

ਸੰਤ ਸੁਭਾ ਵਾਲੇ ਗੁਰਸਿਖਾਂ ਦੀ ਸੁਤੇ ਹੀ ਸਿਖ ਸੰਤਾਂ ਵਾਲੀ ਮਹਿਮਾ ਹੋਣ ਲਗ ਪੈਂਦੀ ਹੈ, ਪਰ ਉਹ ਸਦਾ ਨਿਰਮਾਣ ਰਹਿੰਦੇ ਹੋਏ ਕਦੇ ਭੀ ਆਪਣੇ ਆਪ ਨੂੰ ਸੰਤ ਸਦਵਾਣ ਵਿਚ ਰਾਜ਼ੀ ਨਹੀਂ ਹੁੰਦੇ। ਕਿਥੇ ਇਹ ਕਿ ਉਹ 'ਗੁਰੂ-ਸੰਤ' ਸਦਾਉਣ ਦੀ ਢੀਠਤਾ ਭਰੀ ਮਨਮਤ ਵਿਚ ਪੈਣ।

ਗੁਰਬਾਣੀ ਅੰਦਰ ਸੰਤ ਪਦ ਬਹੁਤਾ ਗੁਰੂ ਸਾਹਿਬਾਨ ਪ੍ਰਥਾਇ ਹੀ ਘਟਦਾ ਹੈ ਤੇ ਨਾਮ-ਦਾਤ ਦੇਣਹਾਰਾ ਗੁਰਮੁਖ ਪਦ ਭੀ ਸਤਿਗੁਰਾਂ ਪ੍ਰਥਾਇ ਹੀ ਘਟਦਾ ਹੈ। ਜੈਸਾ ਕਿ ਗੁਰਬਾਣੀ ਦੇ ਤੱਤਵੇਤਾ ਸ੍ਰੀ ਭਾਈ ਗੁਰਦਾਸ ਜੀ ਨੇ 'ਗੁਰਮੁਖਿ ਕਲ ਵਿਚ ਪਰਗਟ ਹੋਆ' ਦੀ ਪੰਗਤੀ ਅੰਦਰ 'ਗੁਰਮੁਖ' ਪਦ ਸਤਿਗੁਰੂ ਨਾਨਕ ਸਾਹਿਬ ਪ੍ਰਥਾਇ ਹੀ ਘਟਾਇਆ ਹੈ।

ਸੋ ਗੁਰਬਾਣੀ ਵਿਚ ਜਿਥੇ ਕਿਤੇ "ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ"* ਦੇ ਭਾਵ ਵਾਲੀਆਂ ਤੁਕਾਂ ਆਉਂਦੀਆਂ ਹਨ, ਉਥੇ 'ਗੁਰਮੁਖ' ਕੇਵਲ ਗੁਰੂ ਪ੍ਰਥਾਇ ਹੀ ਘਟਦਾ ਹੈ; ਕਿਸੀ ਇਕ ਗੁਰਸਿਖ ਪ੍ਰਥਾਇ ਕਦਾਚਿਤ ਨਹੀਂ ਘਟਦਾ। ਅਜਿਹੇ ਗੁਰ-ਪ੍ਰਮਾਣਾਂ ਦੇ ਆਸਰੇ ਹੀ ਬਹੁਤ ਸਾਰੇ ਗੁਰੂ-ਡੰਮ ਦਾ ਪਰਪੰਚ ਰਚ ਲੈਂਦੇ ਹਨ ਤੇ ਖ਼ਾਸ ਖ਼ਾਸ ਸ਼ਖ਼ਸੀਅਤ ਵਾਲੇ ਗੁਰਸਿਖਾਂ ਨੂੰ ਨਾਮ ਦੇ ਦਾਤੇ ਪ੍ਰਸਿਧ ਕਰਨ ਲਈ ਉਤਾਵਲੇ ਹੋ ਜਾਂਦੇ ਹਨ। ਇਸ ਤਰ੍ਹਾਂ ਕਰਨਾ ਗੁਰਮਤਿ ਤੋਂ ਉਲਟ ਹੈ। ਨਾਮ ਦਾ ਦਾਤਾ ਕੇਵਲ ਸਤਿਗੁਰੂ ਹੀ ਹੈ। ਨਾਮ (ਗੁਰਮੰਤ੍ਰ) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੰਜੇ ਪਿਆਰੇ ਹੀ ਅੰਮ੍ਰਿਤਧਾਰੀ ਸਿੰਘ ਨੂੰ ਦੇ ਸਕਦੇ ਹਨ, ਹੋਰ ਕੋਈ ਇਕੱਲਾ ਸਿਖ, ਸਾਧ, ਸੰਤ, ਭਗਤ ਗੁਰਮੁਖ ਨਾਮ ਦੇਣ ਲਈ 'ਉਪਦੇਸ਼ਟਾ ਗੁਰੂ' ਜਾਂ 'ਮੰਜੀ ਗੁਰੂ' ਨਹੀਂ ਹੋ ਸਕਦਾ।

[ਟ੍ਰੈਕਟ 'ਨਾਮ ਦਾ ਦਾਤਾ ਤੇ ਸਿਮਰਨ ਦਾਤਾ ਸਤਿਗੁਰੂ" ਵਿਚੋਂ ਧੰਨਵਾਦ ਸਹਿਤ

*ਸੋਰਠਿ ਮ: ੫, ਪੰਨਾ ੬੦੮

**ਪਾਠਕ ਸਜਣੋ**—ਪਰਚੇ ਦੇ ਪਿਛੇ ਚੰਦਾ ਖ਼ਤਮ ਹੋਣ ਦੀ ਮੋਹਰ ਲਾਈ ਜਾਂਦੀ ਹੈ। ਚੰਦਾ ਓਦੋਂ ਹੀ ਭੇਜਣ ਦੀ ਕਿਰਪਾਲਤਾ ਕਰੋ। ਬਾਅਦ ਵਿਚ ਪਰਚਾ ਬੰਦ ਹੋ ਕੇ ਦੁਬਾਰਾ ਚਾਲੂ ਕਰਨ ਨਾਲ ਵਾਧੂ ਡਾਕ ਖ਼ਰਚ ਅਤੇ ਪ੍ਰੇਸ਼ਾਨੀ ਹੁੰਦੀ ਹੈ।



www.AKJ.Org

# ਤਤਸਾਰ ਬਿਬੇਕ—ਸਿਫ਼ਤਿ ਸਲਾਹ

[ਵਲੋਂ :— ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

## *ਤਤਸਾਰ ਬਿਬੇਕ—ਸਿਫ਼ਤਿ ਸਲਾਹ ਗੁਰਮਤਿ ਦਾ ਮੁਖ ਮੰਤਵੀ ਸਿਰ ਕਰਮਨ ਕੇ ਕਰਮ—*

ਸਤਿਗੁਰੂ ਦੇ ਜਿਤਨੇ ਭੀ ਹੁਕਮ, ਅਰਥਾਤ ਹੁਕਮਾਂ ਰੂਪੀ ਬਚਨ ਹਨ, ਉਹਨਾਂ ਹੁਕਮਾਂ ਦਾ ਸਿਰ ਹੁਕਮ, ਅਰਥਾਤ ਹੁਕਮਨ ਸਿਰ ਹੁਕਮ (ਤਤਸਾਰ ਹੁਕਮੁ) ਇਕੋ ਹੁਕਮ ਹੈ, ਜੋ ਸਮੱਗਰ ਹੁਕਮਾਂ ਦਾ ਕੇਂਦਰ ਹੈ, ਜਿਸ ਦੇ ਦਵਾਲੇ (ਗਿਰਦਾ ਗਿਰਦ) ਸਾਰੇ ਹੁਕਮ ਆਕਰਖਣੀ ਤਾਣ ਅੰਦਰ ਘੁੰਮਦੇ ਹਨ ਅਤੇ ਇਹੋ ਹੁਕਮ ਸਾਡੇ ਕਮਾਵਣ ਲਈ ਜਦੋਂ ਕਮਾਈ ਅੰਦਰ ਆਉਂਦਾ ਹੈ, "ਸਿਰਿ ਕਰਮਨ ਕੈ ਕਰਮਾ" ਬਣ ਜਾਂਦਾ ਹੈ।

ਇਹ 'ਹੁਕਮਨ ਸਿਰ ਹੁਕਮ' ਅਥਵਾ 'ਕਰਮਨ ਸਿਰ ਕਰਮਾ' ਕੀ ਹੈ ? ਇਕੋ ਨਾਮ ਹੈ, ਜਿਸ ਨੂੰ ਕਿ ਸਿਫਤਿ ਸਾਲਾਹਨ, ਹਰਿ ਸਿਮਰਨ, ਹਰਿ ਕੀਰਤਨ, ਹਰਿ ਜਸ ਨਾਵਾਂ ਨਾਲ ਗੁਰਮਤਿ (ਗੁਰਬਾਣੀ) ਅੰਦਰ ਸੰਕੇਤ ਕੀਤਾ ਗਿਆ ਹੈ। ਜਦੋਂ ਇਹ ਹੁਕਮ, ਅਥਵਾ ਹੁਕਮ ਰੂਪੀ ਨਾਮੁ ਕਮਾਵਣ ਅੰਦਰ ਆਉਂਦਾ ਹੈ, ਅਥਵਾ ਕਮਾਇਆ ਜਾਣ ਕਰਕੇ "ਸਿਰਿ ਕਰਮਨ ਕੈ ਕਰਮਾ" ਦੀ ਸੰਕੇਤਕ ਪਦਵੀ ਅੰਦਰ ਸੰਕੇਤਿਆ ਜਾਂਦਾ ਹੈ ਤਦੋਂ ਇਸੇ 'ਸਿਫ਼ਤਿ ਸਲਾਹ' ਰੂਪੀ "ਸਿਰਿ ਕਰਮਨ ਕੈ ਕਰਮਾ" ਨੂੰ ਗੁਰਮਤਿ ਬਿਬੇਕ ਰੂਪੀ ਸਾਰ ਕਰਨੀ, ਅਰਥਾਤ ਤਤਸਾਰ ਬਿਬੇਕ ਦੇ ਨਾਮ ਨਾਲ ਪ੍ਰਸੇਧਿਆ ਪਰਮਾਨਿਆ ਅਤੇ ਸਨਮਾਨਿਆ ਜਾਂਦਾ ਹੈ। ਇਸ ਉਪਰਲੇ ਸਾਰੇ ਸਿਧਾਂਤ ਦੀ ਪੁਸ਼ਟੀ (ਪ੍ਰੌੜ੍ਹਤਾ) ਲਈ ਹੇਠ ਲਿਖੇ ਗੁਰ ਪ੍ਰਮਾਣ ਵੰਨਗੀ ਵਜੋਂ ਦ੍ਰਿਸ਼ਟੀ ਗੋਚਰ ਕਰਾਏ ਜਾਂਦੇ ਹਨ। ਯਥਾ :—

ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥ ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥

[ਸਿਰੀਰਾਗੁ ਮ: ੧, ਪੰਨਾ ੭੨

ਹੁਕਮੁ ਜਿਨਾ ਨੋ ਮਨਾਇਆ ॥ ਤਿਨ ਅੰਤਰਿ ਸਬਦੁ ਵਸਾਇਆ ॥ ਸਹੀਆ ਸੇ ਸੋਹਾਗਣੀ ਜਿਨ ਸਹ ਨਾਲਿ ਪਿਆਰੁ ਜੀਉ ॥

[ਸਿਰੀਰਾਗੁ ਮ: ੧, ਪੰਨਾ ੭੨

ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ ॥ ਸੋ ਗਿਆਨੁ ਧਿਆਨੁ ਜੋ ਤੁਧੁ ਭਾਈ ॥ ਸੋਈ ਜਪੁ ਜੋ ਪ੍ਰਭ ਜੀਉ ਭਾਵੈ ਭਾਣੈ ਪੂਰ ਗਿਆਨਾ ਜੀਉ ॥ [ਮਾਝ ਮ: ੫, ਪੰਨਾ ੧੦੦

ਹੁਕਮੁ ਪਛਾਣੈ ਸੁ ਹਰਿ ਗੁਣ ਵਖਾਣੈ ॥ ਗੁਰ ਕੈ ਸਬਦਿ ਨਾਮਿ ਨੀਸਾਣੈ ॥ ਸਭਨਾ ਕਾ ਦਰਿ ਲੇਖਾ ਸਚੈ ਛੂਟਸਿ ਨਾਮਿ ਸੁਹਾਵਣਿਆ ॥ [ਮਾਝ ਮ: ੧, ਪੰਨਾ ੧੦੯

ਗੁਰਮੁਖਿ ਕਰਣੀ ਹਰਿ ਕੀਰਤਿ ਸਾਰ ॥ ਗੁਰਮੁਖਿ ਪਾਏ ਮੋਖ ਦੁਆਰੁ ॥ ਅਨਦਿਨੁ ਰੰਗਿ ਰਤਾ ਗੁਣ ਗਾਵੈ, ਅੰਦਰਿ ਮਹਲਿ ਬੁਲਾਵਣਿਆ ॥ [ਮਾਝ ਮ: ੩, ਪੰਨਾ ੧੧੫

ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥ ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥

[ਸੋਰਠਿ ਮ: ੫, ਪੰਨਾ ੬੪੨

ਏਹਨਾਂ ਗੁਰਵਾਕਾਂ ਤੋਂ ਸਾਫ਼ ਸਿਧ ਹੋਇਆ ਕਿ 'ਹੁਕਮਨ ਸਿਰ ਹੁਕਮੁ' 'ਏਕੋ ਨਾਮੁ' ਹੈ। ਜਿਨ੍ਹਾਂ ਦੇ ਅੰਦਰ ਸ਼ਬਦ ਵਸਾਇਆ ਹੈ, ਮਾਨੋ ਤਿਨ੍ਹਾਂ ਨੂੰ 'ਸਿਰ ਹੁਕਮਨ ਕੇ ਹੁਕਮ' ਮਨਾਇਆ ਹੈ। ਅਸਲ ਹੁਕਮਨ ਸਿਰ ਹੁਕਮ ਤਿਨ੍ਹਾਂ ਨੇ ਹੀ ਮੰਨਿਆ ਹੈ ਜਿਨ੍ਹਾਂ ਦੇ ਅੰਤਰਿ ਆਤਮੇ ਸ਼ਬਦ (ਨਾਮੁ ਗੁਰਮੰਤ੍ਰ) ਬਸਿਆ ਹੈ, ਅਥਵਾ ਜਿਨ੍ਹਾਂ ਨਾਮ ਨੂੰ ਕਮਾਇਆ ਤੇ ਅੰਤਰ ਵਸਾਇਆ ਹੈ। ਜਿਨ੍ਹਾਂ ਨੇ ਸਿਫਤਿ ਸਾਲਾਹਣ ਰੂਪੀ ਸਾਰ ਕਮਾਈ ਕੀਤੀ ਤੇ ਕਰ ਕੇ ਤੋੜ ਨਿਭਾਈ, ਤਿਨ੍ਹਾਂ ਨੇ ਮਾਨੋ 'ਹੁਕਮ ਰਜਾਈ' ਚਲਣ ਦੀ ਗੁਰਮੁਖ ਪਦਵੀ ਪਾਈ। ਗੁਰ ਸ਼ਬਦ ਰੂਪੀ ਨਾਮ ਨੀਸਾਣ ਦੁਆਰਾ ਜਿਨ੍ਹਾਂ ਹਰਿ ਗੁਣ ਹਰਿ ਜਸ ਵਖਾਣਿਆ, ਤਿਨ੍ਹਾਂ ਨੇ



www.AKJ.Org

ਮਾਨੋ ਸਚਾ ਹੁਕਮ ਪਛਾਨਿਆ । ਇਹ ਸਿਫ਼ਤਿ ਸਾਲਾਹ ਹਰਿ ਕੀਰਤਨ ਰੂਪੀ ਜਿਹੜੀ ਗੁਰਮਤਿ ਕਰਣੀ ਹੈ, ਇਹੋ ਤਤ ਸਾਰ ਬਿਬੇਕੁ, ਗੁਰਮਤਿ ਬਿਬੇਕੁ, "ਸਿਰਿ ਕਰਮਨ ਕੈ ਕਰਮਾ" ਰੂਪੀ ਖਿਬੇਕੁ ਹੈ । ਇਹੋ ਤਤ ਸਾਰ ਗੁਰਮਤਿ ਬਿਬੇਕ, ਮੋਖ ਦੁਆਰ ਪ੍ਰਾਪਤ ਕਰਾਵਨਹਾਰ ਹੈ, ਅਤੇ ਏਸੇ ਸਾਰ ਕੀਰਤ-ਕਰੰਮ ਦੇ ਰੰਗ-ਰਤੇ ਪ੍ਰਾਣੀ ਨੂੰ ਇਹੋ ਗੁਰਮਤਿ ਬਿਬੇਕ 'ਅੰਤਲੇ ਮਹਲਿ' 'ਬੁਲਾਵਨਹਾਰ' ਹੈ ।

ਇਹ 'ਕੀਰਤ-ਕਰੰਮ' ਰੂਪੀ ਬਿਬੇਕ, ਇਹ ਸਿਫ਼ਤਿ-ਸਾਲਾਹਣ ਮਈ ਕਰਣੀ ਰੂਪੀ ਬਿਬੇਕ ਸਭ ਕਰਣੀਆਂ ਕਮਾਈਆਂ ਨਾਲੋਂ ਉੱਚਾ ਸੁੱਚਾ ਬਿਬੇਕ ਹੈ । ਪ੍ਰੰਤੂ ਇਹ ਬਿਬੇਕ ਹਰ ਇਕ ਸਿਖ ਜਗਿਆਸੂ ਨੂੰ ਇਕ-ਦਮ ਪ੍ਰਾਪਤ ਨਹੀਂ ਹੁੰਦਾ । ਉਹ ਵਿਰਲੇ ਅਤੇ ਵਡਭਾਗੇ ਜਨ ਹਨ, ਜਿਨ੍ਹਾਂ ਨੂੰ ਕਿ 'ਸਤਿਗੁਰ ਕੈ ਜਨਮੇ ਗਵਨੁ ਮਿਟਾਇਆ" (ਰਾਮ: ਮ: ੧, ਪੰਨਾ ੯੪੦) ਗੁਰਵਾਕ ਦੇ ਭਾਵ ਅਨੁਸਾਰ, 'ਗੁਰੂ ਘਰ' ਵਿਚ ਜਨਮ ਲੈਂਦਿਆਂ ਹੀ,ਅਰਥਾਤ ਅੰਮ੍ਰਿਤ ਛਕਦਿਆਂ ਹੀ ਇਕ-ਦਮ ਇਹ ਉਚ ਕਲਾ ਦਾ ਗੁਰਮਤਿ ਬਿਬੇਕ ਪ੍ਰਾਪਤ ਹੋ ਜਾਂਦਾ ਹੈ । ਓਹਨਾਂ ਦਾ ਪੁਰਬ ਲਿਖੇ ਦਾ ਲਹਿਣਾ ਹੀ ਇਹੋ ਜਿਹਾ ਹੁੰਦਾ ਹੈ ਕਿ ਓਹ ਅੰਮ੍ਰਿਤ ਦੀ ਜਾਗ ਲਗਣ ਸਾਰ ਹੀ ਨਾਮ ਮਹਾਂ-ਰਸ ਦੀ ਚਮਤਕਾਰੀ ਕਿਰਤ-ਕਰੰਮੀ ਰੰਗਾਂ ਵਾਲੀ ਬਿਬੇਕ ਕਲਾ ਵਿਚ ਖੇਡਣ ਲਗ ਜਾਂਦੇ ਹਨ । ਪ੍ਰੰਤੂ ਓਹਨਾਂ ਲਈ ਭੀ ਓਹ ਸਮੁਚੇ ਹੁਕਮ ਪਾਲਣੇ ਅਤਿ ਜ਼ਰੂਰੀ ਹੁੰਦੇ ਹਨ ਜੋ ਕਿ ਅੰਮ੍ਰਿਤ ਦੇ ਸਮੇਂ ਦ੍ਰਿੜ੍ਹਾਏ ਜਾਂਦੇ ਹਨ, ਤੇ ਜਿਨ੍ਹਾਂ ਦੇ ਕਮਾਵਣ ਦੀ ਆਗਿਆ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਾਂਤ ਭਾਂਤ ਦੇ ਗੁਰਵਾਕਾਂ ਦੁਆਰਾ ਦਿੰਦੇ ਹਨ । ਯਾ ਦੂਜੇ ਪਦਾਂ ਵਿਚ ਇਉਂ ਕਹੋ ਕਿ ਸੁਤੇ ਸੁਭਾ ਹੀ ਓਹਨਾਂ ਤੋਂ ਹੀ ਉਹ ਕਰਮ ਹੁੰਦੇ ਹਨ ਜੋ ਗੁਰੂ ਕੀ ਆਗਿਆ ਅਨੁਸਾਰ ਹੋਣ । ਗੁਰੂ-ਆਗਿਆ ਦਾ ਪਾਲਣਾ, ਅਥਵਾ ਗੁਰਮਤਿ-ਹੁਕਮਾਂ ਦੀ ਅਨੁਸਾਰਤਾ ਓਹਨਾਂ ਦੀ ਇਕ ਸਹਿਜ ਸੁਭਾਵੀ ਖੇਡ ਹੁੰਦੀ ਹੈ ।

ਉਕਤ ਆਤਮ-ਤਰੰਗੀ ਬਿਬੇਕੀ ਜਨਾਂ ਦੀ ਰਹਿਣੀ ਬਹਿਣੀ ਵਰਤੋਂ ਵਿਹਾਰ ਕਰਣੀ ਦੇ ਸਾਰੇ ਰੰਗ ਢੰਗ ਹੁਕਮੀ ਬੰਦੇ ਗੁਰਮੁਖਾਂ ਵਾਲੇ ਆਗਿਆ-ਅਧੀਨੀ ਚੋਜ ਹਨ । ਪਾਰ ਪਹੁੰਚੇ ਬਿਬੇਕੀ ਜਨਾਂ ਲਈ ਉਰਾਰ ਦਸ਼ਾ ਦੀ ਸਿਖ ਜਗਿਆਸਾ ਦੇ ਹੁਕਮੀ ਕਰਮ ਕਮਾਉਣੇ ਸੁਖੈਨ ਹੀ ਹਨ । ਪ੍ਰੰਤੂ ਆਮ ਸਿਖ ਜਗਿਆਸੂਆਂ ਨੂੰ, ਜਿਨ੍ਹਾਂ ਦੀ ਪਹੁੰਚ ਇਕ-ਦਮ ਸਿਫ਼ਤਿ ਸਲਾਹ ਦੀ ਉਚ ਬਿਵਸਥਾ ਤੀਕ ਹੋਣੀ ਅਸੰਭਵ ਹੈ, **ਤਿਨ੍ਹਾਂ ਨੂੰ ਇਸ ਸਿਫ਼ਤਿ ਸਲਾਹ ਵਾਲੀ ਰਸਿਕ ਦਸ਼ਾ ਦੀ ਪ੍ਰਾਪਤੀ ਲਈ ਗੁਰ ਫ਼ੁਰਮਾਏ ਗੁਰਮਤਿ ਦ੍ਰਿੜ੍ਹਾਏ ਸਮੱਗਰ ਕਰਮਾਂ ਦਾ ਕਰਨਾ, ਅਰਥਾਤ ਹਰ ਪ੍ਰਕਾਰ ਦੀ ਗੁਰਮਤਿ ਰਹਿਣੀ ਰਹਿਣਾ ਖ਼ਾਸ ਤੌਰ ਤੇ ਅਤਿ ਜ਼ਰੂਰੀ ਹੈ । ਪ੍ਰੰਤੂ ਓਹਨਾਂ ਨੇ ਭੀ ਓਸੇ "ਸਿਰਿ ਕਰਮਨ ਕੈ ਕਰਮਾ" ਅਥਵਾ ਸਿਰ ਹੁਕਮਨ ਦੇ ਹੁਕਮ ਨੂੰ ਮੁਖ ਆਦਰਸ਼ ਰਖਣਾ ਹੈ ।** ਸਿਫ਼ਤਿ ਸਲਾਹ ਰੂਪੀ ਸਾਰ ਕਰਣੀ ਦੇ ਸੰਗ ਸਾਥ ਕਰਨ ਜੋਗ ਸਰਬ ਸਾਧਨ ਸੰਪੰਨ ਕਰਮ ਕਰਨੇ, ਜਿਨ੍ਹਾਂ ਦੇ ਕਰਨ ਦੀ ਕਿ ਗੁਰਮਤਿ ਅਨੁਸਾਰ ਆਗਿਆ ਹੈ, ਇਹ ਭੀ ਗੁਰਮਤਿ ਬਿਬੇਕ ਹੈ, ਜਿਸ ਨੂੰ ਪਾਲਨਾ ਜਾਂ ਜਿਸ ਦਾ ਧਾਰਨ ਕਰਨਾ, ਸਮਾਨ ਅਤੇ ਉਚ ਅਵਸਥਾ ਦੇ ਬਿਬੇਕੀ ਮਾਤ੍ਰ ਲਈ ਅਵੱਸ਼ ਜ਼ਰੂਰੀ ਹੈ ।

ਪੂਰਨ ਬਿਬੇਕੀ ਜਨ ਤੋਂ ਅਵੱਸ਼ਮੇਵ ਹੀ ਓਹੀ ਸੁਕਰਮ ਕਰਮ ਹੋਣਗੇ ਜੋ ਗੁਰਮਤਿ ਅਨਕੂਲ ਹਨ । ਗੁਰਮਤਿ ਪ੍ਰਤਿਕੂਲ ਯਾ ਗੁਰਮਤਿ ਵਿਵਰਜਤ ਕਰਮ ਪੂਰਨ ਬਿਬੇਕੀ ਜਨ ਤੋਂ ਹੋਣੇ ਅਨੁਚਿਤ ਹਨ । ਸਾਰ ਕਰਣੀ ਦੇ ਸਾਧਨ ਸੰਪੰਨ ਕਰਮ ਕਮਾਉਂਦੇ ਹੋਏ ਏਸ ਗੱਲ ਦਾ ਪੂਰਨ ਅਤੇ ਪੱਕਾ ਖ਼ਿਆਲ ਖਿਨ ਖਿਨ ਮਾਤ੍ਰ ਰੱਖਣਾ ਬਿਬੇਕੀ ਜਨ ਨੂੰ ਲੋੜੀਦਾ ਹੈ ਕਿ ਕਿਤੇ ਉਕਤ ਸਾਧਨ ਸੰਪੰਨ ਕਰਮਾਂ ਵਿਚ ਅਟਕ ਕੇ ਹੀ ਨਾ ਉਰਝ ਜਾਵੇ ਅਤੇ ਮੁਖ ਮੰਤਵੀ ਸਾਰ ਕਰਣੀ ਨੂੰ ਨਾ ਵਿਸਾਰ ਬੈਠੇ, ਅਤੇ ਪਾਰ ਕਰਣੀ ਦੇ ਸਾਰ ਕਰੰਮ ਤੋਂ ਬੇਮੁਖ ਹੋ ਕੇ ਉਰਾਰ ਕਰਮਾਂ ਵਿਚੋਂ ਕਿਸੇ ਇਕ ਅਧ ਕਰਮ ਨੂੰ ਹੀ ਮੁਖ ਕਰਮ ਨਾ ਮੰਨ ਬੈਠੇ ।

**ਮੁਖ ਮੰਤਵ ਹੈ ਸਾਡਾ, ਨਾਮ ਦੁਆਰਾ ਨਾਮੀ ਅਕਾਲ ਪੁਰਖ ਦੀ ਪ੍ਰਾਪਤੀ । ਨਾਮ ਦੀ**

(ਬਾਕੀ ਦੇਖੋ ਸਫ਼ਾ ੧੦)



www.AKJ.Org

# ਜਾਪੁ ਸਾਹਿਬ—ਕਾਵਿ ਅਨੁਵਾਦਿ

[ਵਲੋਂ :– ਜੇ. ਪੀ. ਸੰਗਤ ਸਿੰਘ ਜੀ, 75/3 ਮੁਲੰਡ ਕਾਲੋਨੀ, ਬੰਬਈ–82]

## ਸਰਬ ਪਾਲਕ ਪ੍ਰਭੂ

### ਚਾਚਰੀ ਛੰਦ ॥ ਤ੍ਵ ਪ੍ਰਸਾਦਿ ॥

(ਇਹ ਚਾਚਰੀ ਛੰਦ ਤੇਰੀ ਕਿਰਪਾ ਦੁਆਰਾ ਲਿਖਦਾ ਹਾਂ)

### ਗੁਬਿੰਦੇ ॥ ਮੁਕੰਦੇ ॥ ਉਦਾਰੇ ॥ ਅਪਾਰੇ ॥ ੯੪ ॥

**ਸ਼ਬਦਾਰਥ**—ਗੁਬਿੰਦ=ਧਰਤੀ ਦਾ ਮਾਲਕ। ਮੁਕੰਦ=ਮੁਕਤੀ ਦੇਣ ਵਾਲਾ। ਮੁਕ=ਮੁਕਤੀ।

**ਭਾਵਾਰਥ**—ਤੂੰ ਧਰਤੀ ਦਾ ਰਖਿਅਕ ਹੈਂ, ਮੁਕਤੀ-ਦਾਤਾ ਹੈਂ, ਖੁਲ੍ਹੇ ਦਿਲ ਵਾਲਾ ਹੈਂ ਅਤੇ ਤੇਰਾ ਪਾਰ ਨਹੀਂ ਪਾਇਆ ਜਾ ਸਕਦਾ।

**ਕਾਵਿ ਭਾਵਾਰਥ**—

ਸੁਆਮੀ ਧਰਤੀ ਦੇ ਮੇਰੇ ਗੋਬਿੰਦ ਪਿਆਰੇ, ਮੁਕਤੀ ਦਾਤਾ ਮੁਕੰਦ ਦਾਤਾਰ ਮੇਰੇ।
ਹਿਰਦਾ ਤੇਰਾ ਵਿਸ਼ਾਲ, ਉਦਾਰ, ਉਚਤਮ, ਦਾਤਾ ਵਡਾ ਹੈਂ ਅਪਰ ਅਪਾਰ ਮੇਰੇ।

### ਹਰੀਅੰ ॥ ਕਰੀਅੰ ॥ ਨ੍ਰਿਨਾਮੇ ॥ ਅਕਾਮੇ ॥ ੯੫ ॥

**ਸ਼ਬਦਾਰਥ**—ਹਰੀਅੰ=ਨਾਸ ਕਰਨ ਵਾਲਾ। ਕਰੀਅੰ=ਰਚਨਾ ਕਰਨ ਵਾਲਾ। ਨ੍ਰਿਨਾਮੇ=ਨਾਮ ਰਹਿਤ। ਅਕਾਮੇ=ਕਾਮਨਾ ਤੋਂ ਮੁਕਤ।

**ਭਾਵਾਰਥ**—ਤੂੰ ਸਭ ਦਾ ਨਾਸ਼ਕ ਵੀ ਹੈਂ, ਰਚਨਹਾਰ ਵੀ ਹੈਂ, ਤੇਰਾ ਕੋਈ ਇਕ ਨਾਉਂ ਨਹੀਂ ਹੈ, ਨ ਹੀ ਤੈਨੂੰ ਕੋਈ ਕਾਮਨਾ ਹੈ।

**ਕਾਵਿ ਭਾਵਾਰਥ**—

ਸਭ ਨੂੰ ਨਾਸ ਕਰਨੈਂ, ਨਾਲੇ ਰਚੇਂ ਸਭ ਨੂੰ, ਅਤੇ ਸਭ ਦੀਆਂ ਜੜ੍ਹਾਂ ਤੂੰ ਲਾਈ ਜਾਨੈਂ।
ਨਾ ਕੋਈ ਨਾਮ ਤੇਰਾ, ਨਾ ਕੋਈ ਕਾਮਨਾ ਹੈ, ਨਾਮ ਕਾਮ ਬਿਨ ਹੀ ਸ਼ੋਭਾ ਪਾਈ ਜਾਨੈਂ।

## ਸਰਬ ਵਿਆਪਕ ਪ੍ਰਭੂ

### ਭੁਜੰਗ ਪ੍ਰਯਾਤ ਛੰਦ ॥

### ਚੱਤ੍ਰ ਚੱਕ੍ਰ ਕਰਤਾ ॥ ਚੱਤ੍ਰ ਚੱਕ੍ਰ ਹਰਤਾ ॥
### ਚੱਤ੍ਰ ਚੱਕ੍ਰ ਦਾਨੇ ॥ ਚੱਤ੍ਰ ਚੱਕ੍ਰ ਜਾਨੇ ॥ ੯੬ ॥

**ਸ਼ਬਦਾਰਥ**—ਚੱਤ੍ਰ=ਚੌਹਾਂ ਹੀ। ਚੱਕ੍ਰ=ਚਕਾਂ ਵਿਚ, ਕੂਟਾਂ ਵਿਚ। ਦਾਨੇ=ਸਿਆਣਾ। ਜਾਨੇ=ਜਾਣਿਆ ਜਾਂਦਾ ਹੈ ਜਾਂ ਜਾਨਣਹਾਰ।

**ਭਾਵਾਰਥ**—ਚੌਹਾਂ ਹੀ ਚੱਕਾਂ ਦਾ ਰਚਣਹਾਰ ਵੀ ਹੈਂ ਤੇ ਨਾਸ ਕਰਨਹਾਰ ਵੀ ਹੈਂ। ਚੌਹਾਂ ਕੂਟਾਂ ਵਿਚ ਸਭ ਤੋਂ ਵਧ ਸਿਆਣਾ ਹੈਂ ਅਤੇ ਤੂੰ ਸਭ ਦਾ ਜਾਨਣਹਾਰ ਹੈਂ।

**ਕਾਵਿ ਭਾਵਾਰਥ**—

ਚੌਹਾਂ ਕੂਟਾਂ ਤਾਈਂ ਨਾਸ ਕਰਨ ਵਾਲੇ, ਚੌਹਾਂ ਕੂਟਾਂ ਦਾ ਤੂੰ ਰਚਨਹਾਰ ਵੀ ਏਂ।
ਚੌਹਾਂ ਚੱਕਾਂ ਅੰਦਰ ਮੰਨਿਆ ਜਾਏਂ ਦਾਨਾ, ਚੌਹਾਂ ਚਕਾਂ ਦਾ ਤੂੰ ਜਾਨਣਹਾਰ ਵੀ ਏਂ।



www.AKJ.Org

ਚੱਤ੍ਰ ਚੱਕ੍ਰ ਵਰਤੀ ॥ ਚੱਤ੍ਰ ਚੱਕ੍ਰ ਭਰਤੀ ॥
ਚੱਤ੍ਰ ਚੱਕ੍ਰ ਪਾਲੇ ॥ ਚੱਤ੍ਰ ਚੱਕ੍ਰ ਕਾਲੇ ॥ ੯੭ ॥

**ਸ਼ਬਦਾਰਥ**–ਵਰਤੀ=ਮੌਜੂਦ, ਵਿਆਪਕ। ਭਰਤੀ=ਰਚਣਹਾਰ। ਪਾਲੇ=ਪਾਲਣਹਾਰ। ਕਾਲੇ=ਕਾਲ ਰੂਪ।

**ਭਾਵਾਰਥ**–ਤੂੰ ਚੌਹਾਂ ਚਕਾਂ ਵਿਚ ਵਰਤ ਰਿਹਾ ਹੈਂ, ਭਾਵ ਸਰਬ ਵਿਆਪਕ ਹੈਂ, ਚੌਹਾਂ ਹੀ ਚਕਾਂ ਦਾ ਸਿਰਜਣਹਾਰ ਹੈਂ। ਚੌਹਾਂ ਚਕਾਂ ਦੇ ਜੀਵਾਂ ਦੀ ਪਾਲਣਾ ਕਰਦਾ ਹੈਂ ਅਤੇ ਹਰ ਇਕ ਜੀਵ ਦਾ ਕਾਲ ਰੂਪ ਵੀ ਹੈਂ।

**ਕਾਵਿ ਭਾਵਾਰਥ**–

ਚੌਹਾਂ ਚਕਾਂ ਵਿਚ ਆਪੇ ਤੂੰ ਵਰਤਦਾ ਹੈਂ, ਚੌਹਾਂ ਕੂਟਾਂ ਦਾ ਆਪੇ ਕਰਤਾਰ ਵੀ ਏਂ।
ਚੌਹਾਂ ਚਕਾਂ ਵਿਚ ਸਭਨਾਂ ਦਾ ਕਾਲ ਵੀ ਹੈਂ, ਨਾਲੇ ਸਾਰਿਆਂ ਦਾ ਪਾਲਣਹਾਰ ਵੀ ਏਂ।

ਚੱਤ੍ਰ ਚੱਕ੍ਰ ਪਾਸੇ ॥ ਚੱਤ੍ਰ ਚੱਕ੍ਰ ਵਾਸੇ ॥
ਚੱਤ੍ਰ ਚੱਕ੍ਰ ਮਾਨਯੈ ॥ ਚੱਤ੍ਰ ਚੱਕ੍ਰ ਦਾਨਯੈ ॥੯੮॥

**ਸ਼ਬਦਾਰਥ**–ਪਾਸੇ=ਮੌਜੂਦ, ਪਸਰਿਆ ਹੋਇਆ। ਵਾਸੇ=ਵਸਣ ਵਾਲਾ। ਮਾਨਯੈ=ਮੰਨਿਆ ਜਾਣ ਵਾਲਾ, ਜਿਸ ਦੀ ਮਾਨਤਾ ਹੁੰਦੀ ਹੋਵੇ। ਦਾਨਯੈ=ਦਾਨੀ, ਦੇਣ ਵਾਲਾ।

**ਭਾਵਾਰਥ**–ਚੌਹਾਂ ਹੀ ਕੂਟਾਂ ਵਿਚ ਹਰ ਥਾਂ ਤੂੰ ਵਿਆਪਕ ਹੈਂ, ਹਰ ਥਾਂ ਤੇਰੀ ਮਾਨਤਾ ਹੈ, ਸਭ ਦਾ ਦਾਤਾ ਹੈਂ।

**ਕਾਵਿ ਭਾਵਾਰਥ**–

ਚੌਹਾਂ ਕੂਟਾਂ 'ਚ ਹਰ ਥਾਂ ਮੌਜੂਦ ਹੈਂ ਤੂੰ, ਚੌਹੀਂ ਪਾਸੀਂ ਹਰ ਥਾਵੇਂ ਹੈ ਵਾਸ ਤੇਰਾ।
ਤੇਰੀ ਮਾਨਤਾ ਹੈ ਚੌਹਾਂ ਚਕਾਂ ਅੰਦਰ, ਸਭ ਨੂੰ ਦਈ ਜਾਣਾ, ਗੁਣ ਹੈ ਖ਼ਾਸ ਤੇਰਾ।

## ਜਨਮ ਮਰਨ ਮੁਕਤ-ਪ੍ਰਭੂ

ਚਾਚਰੀ ਛੰਦ ॥

ਨ ਸਤ੍ਰੈ ॥ ਨ ਮਿਤ੍ਰੈ ॥ ਨ ਭਰਮੰ ॥ ਨ ਭਿਤ੍ਰੈ ॥ ੯੯ ॥

**ਸ਼ਬਦਾਰਥ**–ਸਤ੍ਰੈ=ਸ਼ਤਰੂ, ਵੈਰੀ। ਮਿਤ੍ਰੈ=ਮਿਤ੍ਰ, ਸਾਥੀ। ਭਰਮੈ=ਵਹਿਮ, ਭਰਮ। ਭਿਤ੍ਰੈ=ਡਰ, ਭਉ।

**ਭਾਵਾਰਥ**–ਨ ਕੋਈ ਤੇਰਾ ਵੈਰੀ ਹੈ, ਨਾ ਤੂੰ ਕਿਸੇ ਦਾ ਸ਼ਤਰੂ ਹੈਂ, ਨਾ ਕੋਈ ਤੇਰਾ ਮਿਤ੍ਰ ਹੈ, ਨਾ ਤੂੰ ਕਿਸੇ ਦਾ ਸਾਥੀ ਹੈਂ। ਨ ਤੈਨੂੰ ਕੋਈ ਭਰਮ ਹੈ, ਨ ਕਿਸੇ ਦਾ ਕੋਈ ਡਰ ਹੈ।

**ਕਾਵਿ ਭਾਵਾਰਥ**–

ਤੇਰਾ ਕੋਈ ਸ਼ਤਰੂ ਨਾ ਕੋਈ ਹੈ ਵੈਰੀ, ਨ ਕੋਈ ਦੋਸਤ, ਸਾਥੀ, ਸਖਾ, ਮਿਤ੍ਰ ਕੋਈ।
ਤੈਨੂੰ ਭਰਮ ਭੁਲੇਖਾ, ਕੋਈ ਭਟਕਣਾ ਨਹੀਂ, ਨ ਕੋਈ ਭਉ ਤੈਨੂੰ, ਨ ਹੈ ਭਿਤ੍ਰ ਕੋਈ।

ਨ ਕਰਮੰ ॥ ਨ ਕਾਏ ॥ ਅਜਨਮੰ ॥ ਅਜਾਏ ॥ ੧੦੦ ॥

**ਸ਼ਬਦਾਰਥ**–ਕਾਏ=ਸਰੀਰ, ਕਾਇਆ। ਅਜਨਮੰ=ਜੋ ਜਨਮ ਨਹੀਂ ਲੈਂਦਾ। ਅਜਾਏ=ਜਿਸ ਨੂੰ ਜਨਮ ਦੇਣ ਵਾਲੀ ਕੋਈ ਜਣਨੀ ਨ ਹੋਵੇ।

**ਭਾਵਾਰਥ**–ਨਾ ਹੀ ਤੂੰ ਕਰਮ ਅਧੀਨ ਹੈਂ, ਨਾ ਤੇਰਾ ਕੋਈ ਸਰੀਰ ਕਾਇਆ ਹੈ। ਨਾ ਤੈਨੂੰ ਜਨਮ



www.AKJ.Org

ਧਾਰਨਾ ਪੈਂਦਾ ਹੈ, ਨਾ ਹੀ ਤੇਰੀ ਕੋਈ ਜਣਨੀ ਹੈ।

**ਕਾਵਿ ਭਾਵਾਰਥ—**

ਦਾਤਾ ! ਨਾ ਹੀ ਤੂੰ ਕਰਮਾਂ ਅਧੀਨ ਹੀ ਹੈਂ, ਨਾ ਤੂੰ ਧਾਰੇਂ ਸਰੀਰ, ਅਕਾਏ ਪ੍ਰੀਤਮ !
ਤੂੰ ਅਜਨਮ ਹੈਂ; ਕਦੇ ਨਹੀਂ ਜਨਮ ਲੈਂਦਾ, ਨਾ ਕੋ ਤੇਰੀ ਜਣਨੀ, ਹੇ ਅਜਾਏ ਪ੍ਰੀਤਮ !

**ਨ ਚਿਤ੍ਰੇ ॥ ਨ ਮਿਤ੍ਰੇ ॥ ਪਰੇ ਹੈਂ ॥ ਪਵਿਤ੍ਰੇ ॥੧੦੧॥**

**ਸ਼ਬਦਾਰਥ**—ਚਿਤ੍ਰ=ਤਸਵੀਰ, ਮੂਰਤ। ਪਵਿਤ੍ਰ=ਪਾਵਨ।

**ਭਾਵਾਰਥ**—ਨ ਤਾਂ ਤੇਰਾ ਕੋਈ ਚਿਤ੍ਰ ਹੀ ਬਣ ਸਕਦਾ ਹੈ, ਨਾ ਕੋਈ ਤੇਰਾ ਮਿਤ੍ਰ ਹੈ। ਤੂੰ ਪਰੇ ਤੋਂ ਪਰੇ ਹੈਂ ਅਤੇ ਪਾਵਨ ਹੈਂ।

**ਕਾਵਿ ਭਾਵਾਰਥ—**

ਤੇਰਾ ਚਿਤ੍ਰ ਤਸਵੀਰ ਨਹੀਂ ਬਣ ਸਕਦੀ, ਕਿਸੇ ਨਾਲ ਨਹੀਂ ਮਿਤ੍ਰ ਵਿਹਾਰ ਤੇਰਾ।
ਸਭ ਦੀ ਸੋਚ ਤੇ ਅਕਲ ਤੋਂ ਪਰੇ ਹੈਂ ਤੂੰ, ਨਾਲੇ ਪਰਮ ਪਵਿਤਰ ਕਿਰਦਾਰ ਤੇਰਾ।

**ਪ੍ਰਿਥੀਸੈ ॥ ਅਦੀਸੈ ॥ ਅਦ੍ਰਿਸੈ ॥ ਅਕ੍ਰਿਸੈ ॥੧੦੨॥**

**ਸ਼ਬਦਾਰਥ**—ਪ੍ਰਿਥੀਸ=ਪ੍ਰਿਥੀ+ਈਸ; ਪ੍ਰਿਥਵੀ ਦਾ ਸੁਆਮੀ। ਅਦੀਸ=ਆਦ+ਈਸ, ਮੁਢ ਧੁਰ ਤੋਂ ਹੀ ਮਾਲਕ। ਅਦ੍ਰਿਸ=ਅਦ੍ਰਿਸ਼ਟ। ਆਕ੍ਰਿਸ=ਲਿਸਾ ਨ ਹੋਣ ਵਾਲਾ।

**ਭਾਵਾਰਥ**—ਦਾਤਾ ! ਤੂੰ ਮੁਢ ਤੋਂ ਹੀ ਮਾਲਕ ਹੈਂ, ਸਾਰੀ ਧਰਤੀ ਦਾ ਸੁਆਮੀ ਹੈਂ, ਅਦ੍ਰਿਸ਼ਟ ਹੈ, ਅਤੇ ਸਦਾ ਇਕ-ਸਾਰ ਹੈਂ।

**ਕਾਵਿ ਭਾਵਾਰਥ—**

ਦਾਤਾ ! ਸੁਆਮੀ ਹੈਂ ਤੂੰ ਸਾਰੀ ਪ੍ਰਿਥਵੀ ਦਾ, ਮੁਢੋਂ ਧੁਰੋਂ ਮਾਲਕ ਚਲਿਆ ਆ ਰਿਹਾ ਏਂ।
ਹੈਂ ਅਦ੍ਰਿਸ਼ਟ ਤੇ ਕਦੇ ਨਾ ਲਿਸਾ ਹੋਵੇਂ, ਤੂੰ ਇਕ-ਸਾਰ ਮੁਢ ਤੋਂ ਚਲਿਆ ਆ ਰਿਹਾ ਏਂ।੧੦੨।

---

(੭ ਸਫ਼ੇ ਦੀ ਬਾਕੀ)

**ਪ੍ਰਾਪਤੀ ਕਰਾਵਨਹਾਰਾ ਨਾਮ ਸਾਡਾ ਮੁਖ ਕਰਮ ਹੈ। ਜਿਤਨੇ ਵੀ ਹੋਰ ਕਰਮ ਗੁਰਬਾਣੀ ਅਥਵਾ ਗੁਰਮਤਿ ਦੁਆਰਾ ਸਾਨੂੰ ਦ੍ਰਿੜ੍ਹਾਏ ਗਏ ਹਨ ਜਾਂ ਦ੍ਰਿੜ੍ਹਾਏ ਜਾਂਦੇ ਹਨ, ਏਸੇ ਸਿਫ਼ਤਿ-ਸਾਲਾਹ ਦੀ ਸਾਧਨਾ ਲਈ ਸਹਾਇਕ ਕਰਮ ਹਨ। ਪ੍ਰੰਤੂ ਜੇ ਸਿਫ਼ਤਿ-ਸਾਲਾਹ ਤੋਂ ਬੇਮੁਖ ਹੋ ਕੇ, ਜਾਂ ਸਿਫ਼ਤਿ ਸਾਲਾਹ ਨੂੰ ਸਰਸਰੀ ਸਮਝ ਕੈ ਕੇਵਲ ਏਹਨਾਂ ਸਾਧਨ ਸੰਪੰਨ ਸਹਾਇਕ ਕਰਮਾਂ ਵਿਚ ਖੱਚਤ ਹੋ ਜਾਈਏ ਅਤੇ ਏਹਨਾਂ ਨੂੰ ਹੀ ਮੁਖ ਮੰਤਵੀ ਕਰਮ ਸਮਝਣ ਲਗ ਪਵੀਏ ਤਾਂ ਇਹ ਸਾਡੀ ਬਿਬੇਕ ਬਿਵਸਥਾ ਦੀ ਅਧੋਗਤੀ ਦੇ ਲਛਣ ਹੋਣਗੇ।**

ਉਚ ਬਿਬੇਕ ਦੇ ਖੋਜੀ ਲਈ ਆਪਣੇ ਮੁਖ ਮੰਤਵ ਤੋਂ ਬੇਮੁਖ ਹੋ ਜਾਣਾ ਗੁਰਮਤਿ ਮਾਰਗ ਦੇ ਅਸਲੀ ਸਿਧਾਂਤ ਤੋਂ ਪ੍ਰੇਡੇ ਜਾ ਪੈਣਾ ਹੈ। ਪ੍ਰੰਤੂ ਜਿਨ੍ਹਾਂ ਗੁਰਮਤਿ ਦ੍ਰਿੜ੍ਹਾਏ ਸੁਕਰਮ ਕਰਮਾਂ ਦੇ ਕਰਨ ਕਰ ਕੇ ਬਿਬੇਕੀ ਜਨ ਆਪਣੇ ਉਚ ਬਿਬੇਕ ਦੇ ਸੁਹਾਗ ਭਾਗ ਨੂੰ ਪ੍ਰਾਪਤ ਹੋਇਆ ਹੈ ਜੇ ਉਕਤ ਗੁਰਮਤਿ ਅਨਕੂਲ ਸੁਕਰਮ ਕਰਮਾਂ ਦਾ, ਅਰਥਾਤ ਗੁਰੂ ਦ੍ਰਿੜ੍ਹਾਈ ਰਹਿਤ ਰਹਿਣੀ ਵਾਲੀ ਬਿਬੇਕ ਧਾਰਨਾ ਦਾ ਉਹ ਪ੍ਰੀ-ਤਿਆਗ ਕਰ ਦੇਵੇ ਤਾਂ ਇਹ ਕੇਵਲ ਉਸ ਦੀ ਅਕ੍ਰਿਤਘਣਤਾ ਅਤੇ ਬਿਬੇਕ-ਊਣਤਾ ਹੈ, ਕਿੰਤੂ ਦੁਤੀ ਗੁਰਮਤਿ-ਪੈਰੋਕਾਰ ਜਗਿਆਸੂਆਂ ਨੂੰ ਗੁਮਰਾਹ ਕਰਨ ਦਾ ਕੁਚੱਜ ਹੈ।

['ਗੁਰਮਤਿ ਬਿਬੇਕ' ਪੁਸਤਕ ਵਿਚੋਂ



www.AKJ.Org

# ਮੁਕਤਿ-ਪੰਥ (ਮੁਕਤੀ ਦਾ ਰਾਹ)

[ਵਲੋਂ :– ਭਾਈ ਸਾਹਿਬ ਜੋਗਿੰਦਰ ਸਿੰਘ ਜੀ, ਤਲਵਾੜਾ]

ਰਾਮ ਦੀ ਜਗਤ-ਰਚਨਾ ਮਨ-ਮੋਹਣੀ ਹੈ। ਇਸ ਦੀ ਹਰ ਸ਼ੈ ਮਨ ਨੂੰ ਖਿੱਚ ਪਾਉਂਦੀ ਹੈ; ਮਨ ਮੋਹਿਤ ਹੋ ਕੇ ਤਿਲ੍ਹਕ ਤਿਲ੍ਹਕ ਪੈਂਦਾ ਹੈ।

ਰੂਪ ਅਤੇ ਰਸ ਦਾ ਚੋਗਾ ਖਿਲਾਰ ਕੇ ਮਾਇਆ ਫੰਧਾ ਲਾਈ ਖੜੀ ਹੈ। ਮਾਇਆ ਦੇ ਪੰਜ ਏਜੰਟ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਬੜੇ ਚੁਸਤ ਤੇ ਚਲਾਕ ਹਨ, ਘੇਰ ਘੇਰ ਕੇ ਸ਼ਿਕਾਰ ਇਸ ਫਾਹੀ ਵਿਚ ਲਿਆ ਫਸਾਂਦੇ ਹਨ। ਇਹ ਬੜੇ ਬਲੀ ਹਨ ਅਤੇ ਬੜੇ ਬੜੇ ਖੱਬੀ ਖ਼ਾਂ ਵਿਅਕਤੀਆਂ ਨੂੰ ਨਕੇਲ ਪਾ ਕੇ ਹੱਕੀ ਫਿਰਦੇ ਹਨ। ਇਹ ਪੰਜ ਤਾਂ ਮੂਲ ਹਨ। ਇਹਨਾਂ ਦਾ ਅਗੋਂ ਪਰਵਾਰ ਬੜਾ ਲੰਮਾ ਚੌੜਾ ਹੈ। ਆਸਾ, ਮਨਸਾ, ਤ੍ਰਿਸ਼ਨਾ, ਹਰਖ, ਸੋਗ, ਮਾਨ, ਅਪਮਾਨ, ਉਸਤਤਿ, ਨਿੰਦਾ, ਸੁਖ, ਦੁਖ ਇਹ ਸਾਰਾ ਕੋੜਮਾ ਇਨ੍ਹਾਂ ਪੰਜਾਂ ਦਾ ਹੀ ਹੈ।

ਕਾਮ ਐਸਾ ਪ੍ਰਬਲ ਹੈ ਕਿ ਮਨ ਨੂੰ ਚੰਚਲ ਅਤੇ ਪਾਪੀ ਬਣਾ ਛਡਦਾ ਹੈ। ਕੀ ਗ੍ਰਿਹਸਤੀ ਤੇ ਕੀ ਜੋਗੀ ਅਤੇ ਜਤੀ, ਜੋ ਘਰ ਬਾਹਰ ਛਡ ਕੇ ਸੰਨਿਆਸ ਧਾਰਨ ਕਰ ਬੈਠਦੇ ਹਨ ਇਸ ਦੇ ਛਲ-ਛਿਦਰ ਤੋਂ ਨਹੀਂ ਬਚ ਸਕਦੇ—

ਪਾਪੀ ਹੀਐ ਮਹਿ ਕਾਮੁ ਬਸਾਇ॥
ਮਨੁ ਚੰਚਲੁ ਯਾ ਤੇ ਗਹਿਓ ਨ ਜਾਇ॥
੧.ਰਹਾਉ॥ [ਬਸੰਤੁ ਮ: ੯
ਜੋਗੀ ਜੰਗਮ ਅਰੁ ਸੰਨਿਆਸ॥ ਸਭ ਹੀ
ਪਰਿ ਡਾਰੀ ਇਹ ਫਾਸ॥੧॥੨॥ [ਸਲੋਕ ਮ: ੯

ਕ੍ਰੋਧ ਦਾ ਰੂਪ ਬੜਾ ਡਰਾਉਣਾ ਹੈ। ਜਦੋਂ ਆ ਜਾਏ, ਵਡੇ ਵਡੇ ਦਾਨਿਆਂ ਦੀ ਮਤ ਮਾਰ ਛੱਡਦਾ ਹੈ—

ਕਠਿਨ ਕਰੋਧੁ ਘਟ ਹੀ ਕੇ ਭੀਤਰਿ ਜਿਹ ਸੁਧ
ਸਭ ਬਿਸਰਾਈ॥ ਰਤਨੁ ਗਿਆਨੁ ਸਭ ਕੋ
ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ॥੧॥੪॥
[ਗਉੜੀ ਮ: ੯

ਗੁਰਬਾਣੀ ਦਾ ਫ਼ੁਰਮਾਨ ਹੈ ਕਿ ਕਾਮ ਅਤੇ ਕ੍ਰੋਧ ਸਰੀਰ ਨੂੰ ਗਾਲ ਸੁਟਦੇ ਹਨ, ਜਿਵੇਂ ਸੁਹਾਗਾ ਸੋਨੇ ਨੂੰ ਢਾਲ ਦਿੰਦਾ ਹੈ :—

ਕਾਮੁ ਕ੍ਰੋਧੁ ਕਾਇਆ ਕਉ ਗਾਲੈ॥
ਜਿਉ ਕੰਚਨ ਸੋਹਾਗਾ ਢਾਲੈ॥
[ਓਅੰਕਾਰ—੯੩੨

ਲੋਭ ਇਕ ਹਲਕਾਅ ਹੈ। ਇਹ ਜਿਸ ਵਿਚ ਪ੍ਰਵੇਸ਼ ਕਰ ਜਾਏ ਉਸ ਦੀ ਸ਼ਖ਼ਸੀਅਤ ਘਟੀਆ ਹੋ ਜਾਂਦੀ ਹੈ :—

ਅਹਿਨਿਸਿ ਅਉਧ ਘਟੈ ਨਹੀ ਜਾਨੈ ਭਇਓ
ਲੋਭ ਸੰਗਿ ਹਉਰਾ॥੧॥ਰਹਾਉ॥੮॥
[ਗਉੜੀ ਮ: ੯

ਉਹ ਖਾਣ ਤੇ ਜੋੜਨ ਲਈ ਹਰ ਯੋਗ ਅਯੋਗ ਢੰਗ ਦੀ ਵਰਤੋਂ ਕਰਨ ਨੂੰ ਤਿਆਰ ਹੋ ਜਾਂਦਾ ਹੈ—

ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ
ਉਦਰੁ ਭਰੈ॥੧॥੧॥ [ਦੇਵਗੰਧਾਰੀ ਮ: ੯

ਲੋਭੀ ਨੂੰ ਕੁੱਤੇ ਨਾਲ ਤੁਲਨਾ ਦਿਤੀ ਗਈ ਹੈ।

ਮੋਹ ਚਿੱਕੜ ਹੈ; ਦਲਦਲ ਹੈ। ਜਿੰਨਾ ਮਨੁੱਖ ਇਸ ਵਿਚੋਂ ਨਿਕਲਣ ਦਾ ਜਤਨ ਕਰੇ, ਉਨਾ ਹੋਰ ਵਿਚ ਧਸ ਜਾਂਦਾ ਹੈ।

ਅਹੰਕਾਰ ਸਾਰੇ ਔਗੁਣਾਂ ਦਾ ਮੂਲ ਹੈ। ਮਨੁੱਖ ਦੇ ਸਾਰੇ ਸੁਭ ਗੁਣ ਹੰਕਾਰ ਦੇ ਕਾਲੇ ਬੁਰਕੇ ਥਲੇ ਛੁਪ ਜਾਂਦੇ ਅਤੇ ਆਪਣੀ ਕੀਮਤ ਗੁਆ ਲੈਂਦੇ ਹਨ। ਕਾਮ, ਕ੍ਰੋਧ, ਲੋਭ, ਮੋਹ, ਇਹਨਾਂ ਚਹੁੰਆਂ ਵਿਚੋਂ ਜੇ ਕਿਸੇ ਇਕ ਨੂੰ ਜਾਂ ਚਹੁੰਆਂ ਨੂੰ ਹੀ ਕੋਈ ਜਿਤ ਲਵੇ ਤਾਂ ਇਹ ਜਾਂਦੇ ਹੋਏ ਆਪਣੀ ਸ਼ਕਤੀ ਹੰਕਾਰ ਨੂੰ ਦੇ ਜਾਂਦੇ ਹਨ ਅਤੇ ਫਿਰ ਹੰਕਾਰ ਦੀ ਸ਼ਕਤੀ ਚਾਰ ਗੁਣਾ ਹੋਰ ਵਧ ਜਾਂਦੀ ਹੈ। ਹੰਕਾਰੀ ਮਨੁੱਖ ਦੇ ਵਿਚਾਰਾਂ ਵਿਚ ਈਰਖਾ ਅਤੇ ਬਖ਼ੀਲੀ ਦੀ ਸੜ੍ਹਾਂਦ ਆ ਜਾਂਦੀ ਹੈ। ਕੋਈ ਵੀ ਹੰਕਾਰੀ ਪੁਰਸ਼ ਕੋਲ ਬੈਠਣਾ ਪਸੰਦ ਨਹੀਂ ਕਰਦਾ। ਹੰਕਾਰੀ ਮਨੁੱਖ ਦੇ ਕੀਤੇ ਤੀਰਥ-



www.AKJ.Org

ਯਾਤਰਾ, ਵਰਤ, ਨੇਮ, ਦਾਨ ਆਦਿ ਪੁੰਨ-ਕਰਮ ਸਾਰੇ ਨਿਸਫਲ ਹੋ ਜਾਂਦੇ ਹਨ—

ਤੀਰਥ ਬਰਤ ਅਰੁ ਦਾਨ ਕਰਿ ਮਨ ਮਹਿ
ਧਰੈ ਗੁਮਾਨੁ ॥ ਨਾਨਕ ਨਿਹਫਲ ਜਾਤ ਤਿਹ
ਜਿਉ ਕੁੰਚਰ ਇਸਨਾਨੁ ॥੪੬॥ [ਸਲੋਕ ਮ: ੯

ਪਰ ਭਾਵੇਂ ਇਹ ਪੰਚ ਦੂਤ ਏਨੇ ਦੁਖਦਾਈ ਤੇ ਹਾਨੀਕਾਰਕ ਹਨ, ਇਹਨਾਂ ਦਾ ਬਾਹਰਲਾ ਰੂਪ ਤੇ ਅਸਰ ਏਨਾ ਪ੍ਰਬਲ ਹੈ ਕਿ ਹਰੇਕ ਜੀਵ ਨੂੰ ਗੁਮਰਾਹ ਕਰ ਕੇ ਫਾਹੀ ਵਿਚ ਫਸਾ ਲੈਂਦੇ ਹਨ—

ਕਾਮ ਕ੍ਰੋਧ ਮੋਹ ਬਸ ਪ੍ਰਾਨੀ ਹਰਿ ਮੂਰਤਿ
ਬਿਸਰਾਈ ॥੧॥੨॥ [ਗਉੜੀ ਮ: ੯

ਏਹਨਾਂ ਦੀ ਫਾਹੀ ਕਾਰਨ ਇਸ ਲੋਕ ਵਿਚ ਵੀ ਦੁਖ ਤੇ ਖੁਆਰੀ ਹੁੰਦੀ ਹੈ, ਅਤੇ ਅਗੇ ਪ੍ਰਲੋਕ ਵਿਚ ਵੀ ਜਮਾਂ ਦੀ ਫਾਹੀ ਤਿਆਰ ਮਿਲਦੀ ਹੈ।

ਸੋ ਮੁਕਤੀ ਦੀ ਲੋੜ ਹੈ ਇਸ ਲੋਕ ਵਿਚ ਵਿਕਾਰਾਂ ਦੀ ਫਾਹੀ ਤੋਂ; ਅਤੇ ਪ੍ਰਲੋਕ ਵਿਚ ਜਮਾਂ ਦੀ ਫਾਹੀ ਤੋਂ। ਵਾਸਤਵ ਵਿਚ ਵਿਕਾਰਾਂ ਦੀ ਫਾਹੀ ਵੀ ਇਕ ਕਿਸਮ ਦਾ ਜਮ ਦਾ ਜਾਲ ਹੀ ਹੈ। ਇਹਨਾਂ ਤੋਂ ਛੁਟਕਾਰਾ ਆਪਣੇ ਕਿਸੇ ਜਤਨ ਜਾਂ ਕਿਸੇ ਚਤੁਰਾਈ ਦੇ ਅਧਾਰ ਤੇ ਅਸੰਭਵ ਹੈ—

ਜਤਨ ਬਹੁਤੁ ਮੈ ਕਰਿ ਰਹਿਓ ਮਿਟਿਓ ਨ
ਮਨ ਕੋ ਮਾਨੁ ॥ ਦੁਰਮਤਿ ਸਿਉ ਨਾਨਕ
ਫਧਿਓ ਰਾਖਿ ਲੇਹੁ ਭਗਵਾਨ ॥੩੪॥
[ਸਲੋਕ ਮ: ੯

ਛੁਟਕਾਰੇ ਦਾ ਇਕੋ ਇਕ ਜਤਨ ਹੈ। ਉਹ ਇਹ ਕਿ ਮਨੁੱਖ ਗੁਰੂ ਦੀ ਸ਼ਰਨ ਵਿਚ ਢਹਿ ਪਵੇ ਤੇ ਗੁਰਮਤਿ-ਨਾਮ ਪ੍ਰਾਪਤ ਕਰ ਕੇ ਨਾਮ ਸਿਮਰਨ ਵਿਚ ਜੁਟ ਪਵੇ। ਗੁਰੂ ਅਤੇ ਗੁਰਮਤਿ-ਨਾਮ ਤੋਂ ਇਹ ਪੰਜ ਦੂਤ ਵੀ ਭੈ ਖਾਂਦੇ ਹਨ ਅਤੇ ਜਮ ਵੀ—

ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ
ਸਗਲ ਬਿਨਾਸੀ ॥ ਤਬ ਨਾਨਕ ਚੇਤਿਓ
ਚਿੰਤਾਮਨਿ ਕਾਟੀ ਜਮ ਕੀ ਫਾਸੀ ॥੩॥੭॥
[ਸੋਰਠਿ ਮ: ੯

(ੳ) ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥
ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥
ਏਨਾ ਠਗਨਿ ਠਗ ਸੇ ਜਿ ਗੁਰ ਕੀ ਪੈਰੀ ਪਾਹਿ ॥
ਨਾਨਕ ਕਰਮਾ ਬਾਹਰੇ ਹੋਰਿ ਕੇਤੇ ਮੁਠੇ ਜਾਹਿ ॥
[ਵਾਰ ਮਲਾਰ ਮ: ੧, ਪੰਨਾ ੧੨੮੮

(ਅ) ਕਾਮੁ ਕ੍ਰੋਧੁ ਲੋਭੁ ਮੋਹੁ ਸੰਗਿ ਸਾਧਾ ਭਖੇ ॥
[ਵਾਰ ਗਉੜੀ ਮ: ੫, ਪੰਨਾ ੩੧੮

(ੲ) ਨਿਹਤੇ ਪੰਜਿ ਜੁਆਨ ਮੈ ਗੁਰਿ ਥਾਪੀ
ਦਿਤੀ ਕੰਡਿ ਜੀਉ ॥
[ਸਿਰੀ ਰਾਗੁ ਮ: ੫, ਪੰਨਾ ੭੪

(ਸ) ਮਾਰੇ ਪੰਚ ਬਿਖਾਧੀਆ ॥ ਗੁਰ ਕਿਰਪਾ ਤੇ
ਦਲੁ ਸਾਧਿਆ ॥ [ਗਉੜੀ ਮ: ੫, ਪੰਨਾ ੨੧੦

ਸੋ ਗੁਰਮਤਿ ਅਨੁਸਾਰ ਮੁਕਤਿ-ਪੰਥ (ਮੁਕਤੀ ਦਾ ਰਾਹ) ਹੈ ਜੀਵਨ ਵਿਚ, ਮਾਇਆ ਵਿਚ ਨਿਰਲੇਪ ਰਹਿਣਾ, ਪੰਜਾਂ ਦੂਤਾਂ ਨੂੰ ਆਪਣੇ ਵਸ ਵਿਚ ਕਰ ਕੇ ਇਹਨਾਂ ਦੀ ਸੰਜਮ ਨਾਲ ਵਰਤੋਂ ਕਰਨੀ—

ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ
ਗਾਵੈ ॥ ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ
ਜੀਵਨ ਮੁਕਤ ਕਹਾਵੈ ॥੨॥੨॥
[ਬਿਲਾਵਲੁ ਮ: ੯

ਤਜਿ ਅਭਿਮਾਨੁ ਮੋਹੁ ਮਾਇਆ ਫੁਨਿ ਭਜਨਿ
ਰਾਮ ਚਿਤੁ ਲਾਵਉ ॥ ਨਾਨਕੁ ਕਹਤੁ ਮੁਕਤਿ
ਪੰਥੁ ਇਹੁ ਗੁਰਮੁਖਿ ਹੋਇ ਤੁਮ ਪਾਵਉ ॥ ॥੫॥
[ਗਉੜੀ ਮ: ੯

ਸੁਖ ਦੁਖ, ਹਰਖ ਸੋਗ, ਉਸਤਤਿ ਨਿੰਦਾ, ਮਾਨ ਅਪਮਾਨ ਆਦਿ ਨੂੰ ਸਮਾਨ ਜਾਣ ਕੇ ਵਿਚਰਨਾ ਅਤੇ ਨਾਮ-ਸਿਮਰਨ ਦੁਆਰਾ ਆਪਣੀ ਆਤਮਾ ਨੂੰ ਪਰਮ-ਆਤਮਾ ਵਿਚ ਲੀਨ ਕਰ ਲੈਣਾ—

ਸੁਖ ਦੁਖੁ ਜਿਹ ਪਰਸੈ ਨਹੀ ਲੋਭ ਮੋਹੁ
ਅਭਿਮਾਨੁ ॥ ਕਹੁ ਨਾਨਕ ਸੁਨਿ ਰੇ ਮਨਾ ਸੋ
ਮੂਰਤਿ ਭਗਵਾਨ ॥੧੩॥ [ਸ: ਮ: ੯

ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ
ਸਮਾਨਿ ॥ ਕਹੁ ਨਾਨਕ ਸੁਨਿ ਰੇ ਮਨਾ ਮੁਕਤਿ
ਤਾਹਿ ਤੈ ਜਾਨਿ ॥੧੫॥ [ਸ: ਮ: ੯

[ਬਾਕੀ ੧੩ ਸਫੇ ਦੇ ਹੇਠ]



www.AKJ.Org

# ਨਾਮ-ਰੰਗ ਰਤੜਾ ਦਸਮੇਸ਼ ਦੁਲਾਰਾ

## *ਦੇਸ਼-ਭਗਤ ਸੰਤ ਸਿਪਾਹੀ ਭਾ: ਸਾਹਿਬ ਰਣਧੀਰ ਸਿੰਘ ਜੀ*

ਭਾਈ ਸਾਹਿਬ ਰਣਧੀਰ ਸਿੰਘ ਜੀ ਸਿਖ ਜਗਤ ਵਿਚ ਵੀਹਵੀਂ ਸਦੀ ਦੀ ਇਕ ਮਹਾਨ ਸ਼ਖ਼ਸੀਅਤ ਹੋਏ ਹਨ। ਆਪ ਜੀ ਦਾ ਸਾਰਾ ਜੀਵਨ ਸਿੱਖੀ ਸਿਦਕ, ਪ੍ਰੇਮ ਰੰਗਾਂ, ਵੈਰਾਗ ਤਰੰਗਾ ਤੇ ਤੱਤ ਗੁਰਮਤਿ ਅਸੂਲਾਂ ਦੀ ਦ੍ਰਿੜ੍ਹਤਾ ਨੂੰ ਪ੍ਰਗਟਾਉਣ ਵਾਲੇ ਅਨੇਕਾਂ ਕੌਤਕਾਂ ਨਾਲ ਭਰਿਆ ਪਿਆ ਹੈ। ਜਿਥੇ ਆਪ ਉਚੀ ਆਤਮਕ ਅਵਸਥਾ ਦੇ ਮਾਲਕ ਸਨ ਉਥੇ ਆਪ ਜੀ ਗ਼ਦਰ ਲਹਿਰ ਦੇ ਮੋਢੀ ਦੇਸ਼-ਭਗਤਾਂ ਵਿਚ ਵੀ ਇਕ ਖ਼ਾਸ ਦਰਜਾ ਰਖਦੇ ਸਨ। ਆਪ ਜੀ ਅਠੋ ਪਹਿਰ ਨਾਮ-ਰੰਗ-ਰਤੜੀ ਦਸ਼ਾ ਵਿਚ ਵਿਚਰਦੇ ਸਨ। ਗੁਰਬਾਣੀ ਦੇ ਅਖੰਡ ਪਾਠ ਅਤੇ ਅਖੰਡ ਕੀਰਤਨ ਆਪ ਦੀ ਖ਼ਾਸ ਆਤਮਕ ਖ਼ੁਰਾਕ ਸੀ। ਗੁਰਬਾਣੀ ਦਾ ਕੀਰਤਨ ਕਰਦਿਆਂ ਕਦੇ ਅਕਦੇ ਥਕਦੇ ਨਹੀਂ ਸਨ ਅਤੇ ਆਪ ਸ਼ਬਦ-ਭਾਵ ਵਿਚ ਲੀਨ ਹੋ ਕੇ ਵਜਦ ਵਿਚ ਆ ਜਾਂਦੇ ਸਨ, ਜਿਸ ਦਾ ਅਸਰ ਸ੍ਰੋਤਿਆਂ ਤੇ ਐਸਾ ਪੈਂਦਾ ਸੀ ਕਿ ਸਾਰੇ ਹੀ ਰਸ-ਮਗਨ ਹੋ ਜਾਂਦੇ ਸਨ, ਜਦ ਕਿ ਕਈ ਰੂਹਾਂ ਬਿਹਬਲ ਹੋ ਉਠਦੀਆਂ ਸਨ।

ਆਪ ਜੀ ਨੇ ਗੁਰਮਤਿ ਦੇ ਵਖ ਵਖ ਵਿਸ਼ਿਆਂ ਤੇ ਚਾਲ਼ੀ ਤੋਂ ਵਧ ਵਡੀਆਂ ਛੋਟੀਆਂ ਪੁਸਤਕਾਂ ਲਿਖੀਆਂ ਹਨ, ਜਿਨ੍ਹਾਂ ਨੂੰ ਪੜ੍ਹਨ ਤੋਂ ਹੀ ਉਨ੍ਹਾਂ ਦੇ ਅਸਲ ਜੀਵਨ ਦੀ ਸਮਝ ਪੈਂਦੀ ਹੈ। ਆਪ ਜੀ ਦੀ ਜੀਵਨੀ ਸੰਖੇਪ ਰੂਪ ਵਿਚ ਹੇਠਾਂ ਦਿਤੀ ਜਾਂਦੀ ਹੈ।

### *ਮਾਤਾ ਪਿਤਾ ਤੇ ਜਨਮ ਅਸਥਾਨ–*

ਆਪ ਦਾ ਜਨਮ ੭ ਜੁਲਾਈ ੧੮੭੮ ਈਸਵੀ ਐਤਵਾਰ (੨੫ ਹਾੜ ੧੯੩੫ ਬਿਕ੍ਰਮੀ) ਨੂੰ ਨਾਰੰਗਵਾਲ ਜ਼ਿਲਾ ਲੁਧਿਆਣਾ ਵਿਖੇ ਹੋਇਆ। ਆਪ ਜੀ ਦੇ ਪਿਤਾ ਸ: ਨੱਥਾ ਸਿੰਘ ਜੀ ਨਾਭਾ ਹਾਈ ਕੋਰਟ ਦੇ ਜੱਜ ਸਨ ਅਤੇ ਮਾਤਾ ਦਾ ਨਾਂ ਮਾਈ ਪੰਜਾਬ ਕੌਰ ਸੀ। ਜਿਨ੍ਹਾਂ ਦੇ ਪੇਕੇ ਪਿੰਡ ਭਾਈਕੀ ਥੇੜ੍ਹੀ ਭਾਈ ਭਗਤੂ ਜੀ ਦੀ ਵੰਸ਼ ਵਿਚੋਂ ਸਨ, ਜੋ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅਨਿੰਨ ਸੇਵਕ ਸਨ। ਭਾਈ ਭਗਤੂ ਜੀ ਨੇ ਗੁਰੂ ਕੀਆਂ ਆਵੀਆਂ ਵਿਚ ਇੱਟਾਂ ਪਕਾਉਣ ਦੀ ਅਤੁੱਟ ਸੇਵਾ ਕੀਤੀ ਸੀ।

### *ਬਚਪਨ ਤੇ ਵਿਦਿਆ ਪ੍ਰਾਪਤੀ–*

ਭਾਈ ਸਾਹਿਬ ਦੇ ਹਿਰਦੇ ਵਿਚ ਕੁਦਰਤੀ ਪ੍ਰੇਮ ਦੀ ਕਣੀ ਜਮਾਂਦਰੂ ਹੀ ਸੀ। ਕੁਦਰਤੀ ਨਜ਼ਾਰਿਆਂ ਦੀ ਸੁੰਦਰਤਾ ਤੇ ਸਰਲਤਾ ਸੁਤੇ ਹੀ ਇਕ ਖਿਚਵਾਂ ਅਸਰ ਪਾ ਜਾਂਦੀ ਸੀ। ਸੁੰਦਰਤਾ ਦੇ ਨਜ਼ਾਰੇ ਤੱਕ ਕੇ ਆਪ ਜੀ ਦੇ ਮਨ ਵਿਚ ਆਪ-ਮੁਹਾਰੀਆਂ

---

(੧੨ ਸਫ਼ੇ ਦੀ ਬਾਕੀ)

ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥ ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨੁ ਅਪਮਾਨਾ ॥੧॥ ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥ ਕਾਮੁ ਕ੍ਰੋਧੁ ਜਿਹ ਪਰਸੈ ਨਾਹਿਨ ਤਿਹ ਘਟਿ ਬ੍ਰਹਮ ਨਿਵਾਸਾ ॥੨॥੧੧॥ [ਸੋਰਠਿ ਮ: ੯

ਉਸਤਤਿ ਨਿੰਦਿਆ ਨਾਹਿ ਜਿਹ ਕੰਚਨ ਲੋਹ ਸਮਾਨਿ ॥ ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥੧੪॥ [ਸਲੋਕ ਮ: ੯

ਇਹ ਬੜੀ ਔਖੀ ਖੇਡ ਹੈ–

ਜਨ ਨਾਨਕ ਇਹੁ ਖੇਲੁ ਕਠਿਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥੧॥ [ਗਉੜੀ ਮ: ੯

ਜਨ ਨਾਨਕ ਕੋਟਨ ਮਹਿ ਕਿਨਹੂ ਗੁਰਮੁਖਿ ਹੋਇ ਪਛਾਨਾ ॥੨॥੨॥ [ਧਨਾਸਰੀ ਮ: ੯

ਪਰ ਗੁਰੂ ਦੀ ਸ਼ਰਨ ਲਿਆਂ ਇਹ ਸਭ ਕੁਝ ਸੰਭਵ ਹੋ ਸਕਦਾ ਹੈ, ਭਾਵੇਂ ਕ੍ਰੋੜਾਂ ਦੀ ਗਿਣਤੀ ਵਿਚੋਂ ਕਿਸੇ ਵਿਰਲੇ ਨੂੰ ਹੀ ਸਹੀ ਜੀਵਨ-ਜਾਚ ਪ੍ਰਾਪਤ ਹੁੰਦੀ ਹੈ–

ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥ ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥੧੧॥ [ਸੋਰਠਿ ਮ: ੯



www.AKJ.Org

ਪ੍ਰੇਮ-ਲਹਿਰਾਂ ਉਠਦੀਆਂ ਤੇ ਦਿਲ ਉਨ੍ਹਾਂ ਵਲ ਖਿਚਿਆ ਜਾਂਦਾ ਸੀ। ਇਸ ਤਰ੍ਹਾਂ ਦੀਆਂ ਪ੍ਰੇਮ-ਲਹਿਰਾਂ ਉਠਦੀਆਂ ਤੇ ਅਲੋਪ ਹੋ ਜਾਂਦੀਆਂ ਸਨ। ਇਸ ਪ੍ਰਕਾਰ ਦੀਆਂ ਕਈ ਘਟਨਾਵਾਂ ਛੋਟੀ ਉਮਰ ਵਿਚ ਹੀ ਘਟਦੀਆਂ ਰਹੀਆਂ, ਪਰ ਅਗੋਂ ਪ੍ਰਮਾਰਥ ਦੀ ਕੋਈ ਖ਼ਾਸ ਸੂਝ ਬੂਝ ਨਹੀਂ ਸੀ। ਇਸ ਤਰ੍ਹਾਂ ਸੰਸਾਰਕ ਵਿਦਿਆ-ਪ੍ਰਾਪਤੀ ਵਿਚ ਸਮਾ ਲੰਘਦਾ ਲੰਘਦਾ ਲੰਘ ਗਿਆ। ਸਕੂਲੀ ਵਿਦਿਆ ਤੋਂ ਬਾਅਦ ਕਾਲਜ ਦਾ ਸਮਾਂ ਆ ਗਿਆ ਅਤੇ ਆਪ ਗੋਰਮਿੰਟ ਕਾਲਜ ਲਾਹੌਰ ਵਿਚ ਜਾ ਦਾਖ਼ਲ ਹੋਏ, ਪਰ ਬਾਅਦ ਵਿਚ ਮਿਸ਼ਨ ਕਾਲਜ ਲਾਹੌਰ ਵਿਚ ਚਲੇ ਗਏ। ੧੯੦੦ ਈਸਵੀ ਵਿਚ ਆਪ ਨੇ ਬੀ. ਏ. ਪਾਸ ਕੀਤੀ।

## *ਸਿੱਖੀ ਦਾ ਪ੍ਰੇਮ ਕਿਵੇਂ ਲੱਗਾ—*

ਲਾਹੌਰ ਕਾਲਜ ਵਿਚ ਪੜ੍ਹਦਿਆਂ ਹੀ ਆਪ ਨੂੰ ਸਿੱਖੀ ਦਾ ਪ੍ਰੇਮ ਲੱਗਾ। ਉਹ ਇਸ ਤਰ੍ਹਾਂ ਕਿ ਆਪ ਜੀ ਦੇ ਪਿਤਾ ਨੇ ਘਰੋਂ ਚਿੱਠੀ ਲਿਖੀ ਕਿ ਤੈਂ ਦੋ ਇਮਤਿਹਾਨ ਦੇਣੇ ਹਨ—ਇਕ ਬੀ. ਏ. ਦਾ, ਦੂਜਾ ਵਕਾਲਤ ਦਾ। ਜੇ ਪਾਸ ਹੋਣਾ ਹੈ ਤਾਂ ਸਵੇਰੇ ਜਪੁਜੀ ਦਾ ਅਤੇ ਸ਼ਾਮ ਨੂੰ ਰਹਿਰਾਸ ਸਾਹਿਬ ਦਾ ਪਾਠ ਕਰਿਆ ਕਰ, ਅਤੇ ਨਾਲ ਹੀ ਇਕ ਗੁਟਕਾ ਨਿਤਨੇਮ ਦਾ ਭੇਜ ਦਿਤਾ। ਭਾਈ ਸਾਹਿਬ ਜੀ ਜੇਲ੍ਹ-ਚਿੱਠੀਆਂ ਪੁਸਤਕ ਵਿਚ ਲਿਖਦੇ ਹਨ ਕਿ ਮੈਂ ਆਪਣੇ ਮਤਲਬ ਨੂੰ ਪਾਠ ਕਰਨ ਲੱਗ ਪਿਆ। ਪਾਠ ਕਰਦਿਆਂ ਗੁਰਬਾਣੀ ਦੀ ਐਸੀ ਕਲਾ ਵਰਤੀ ਕਿ ਗੁਰਬਾਣੀ ਦਾ ਰਹੱਸ ਦਿਨਾਂ ਵਿਚ ਹੀ ਅਜਿਹਾ ਪ੍ਰਬਲ ਹੋ ਗਿਆ ਕਿ ਵੈਰਾਗ ਨੇ ਅਣਡਿਠੇ ਪ੍ਰੀਤਮ ਦੀ ਖੋਜ ਦਾ ਬਾਵਰਾ ਬਣਾ ਦਿਤਾ। ਭਾਈ ਸਾਹਿਬ ਲਿਖਦੇ ਹਨ—

"ਰਹਿਰਾਸ ਸਾਹਿਬ ਦਾ ਪਾਠ ਅਜਿਹੇ ਵੈਰਾਗ ਸੁਰ ਨਾਲ ਕਰਨਾ ਕਿ ਸੁਣਨ ਵਾਲਿਆਂ ਨੇ ਵੀ ਮੋਮ ਹੋ ਜਾਣਾ ਅਤੇ ਆਪ ਦਲ ਜਾਣਾ। ਓੜਕ ਇਕ ਦਿਨ 'ਭਈ ਪਰਾਪਤਿ ਮਾਨੁਖ ਦੇਹੁਰੀਆ' ਵਾਲੀ ਪਉੜੀ ਦਾ ਘਾਉ ਨੀਸਾਨੇ ਅਜਿਹਾ ਪਰਿਆ ਅਤੇ ਅਜਿਹੀ ਚੋਟ ਲੱਗੀ ਕਿ ਦਿਨ ਰੈਣ ਗੋਬਿੰਦ ਮਿਲਣ ਦੀਆਂ ਤਾਂਘਾਂ ਲੱਗੀਆਂ ਰਹਿਣ। ਪੜ੍ਹੀਆਂ ਪੜ੍ਹਾਈਆਂ ਕਿਧਰੇ ਭੁਲ ਗਈਆਂ। ਕਾਲਜ ਵਿਚ ਜਾਣਾ ਤਾਂ ਡੈਸਕ ਉਪਰ ਪੜ੍ਹਾਈ ਦੀ ਕਿਤਾਬ ਬਰਾਏ-ਨਾਮ ਦਿਖਾਵੇ ਮਾਤਰ ਰਖ ਛੱਡਣੀ, ਨੀਚੇ ਗੁਪਤ ਖ਼ਾਨੇ ਵਿਚ ਬਾਈ ਵਾਰਾਂ ਜਾਂ ਭਗਤ ਬਾਣੀ ਦੋਹਾਂ ਵਿਚੋਂ ਇਕ ਦਾ ਹਰਦਮ ਪਾਠ ਕਰਦੇ ਰਹਿਣਾ ਅਤੇ 'ਨੀਰ ਵਹੇ ਵਹਿ' ਚਲਦੇ ਰਹਿਣਾ।"

ਬਸ ਇਸ ਤਰ੍ਹਾਂ ਹੀ ਪ੍ਰਮਾਰਥ ਦੀ ਚੇਟਕ ਲਗੀ, ਜੋ ਕਿ ਕਈ ਪੜਾਅ ਲੰਘਦੀ, ਚੜ੍ਹਦੀ ਤੋਂ ਚੜ੍ਹਦੀ ਕਲਾ ਵਿਚ ਹੀ ਵਿਚਰਦੀ ਰਹੀ।

## *ਸਰਕਾਰੀ ਨੌਕਰੀ—*

੧੯੦੨ ਵਿਚ ਪੰਜਾਬ ਵਿਚ ਪਹਿਲੀ ਪਲੇਗ ਪਈ, ਜਿਸ ਨੂੰ ਥੰਮਣ ਲਈ ਤੇ ਟੀਕੇ ਲਾਉਣ ਲਈ ਕਈ ਅੰਗਰੇਜ਼ ਡਾਕਟਰ ਵਲੈਤੋਂ ਮੰਗਾਏ ਗਏ। ਇਨ੍ਹਾਂ ਡਾਕਟਰਾਂ ਦੀ ਸਹਾਇਤਾ ਲਈ ਅੰਗਰੇਜ਼ੀ ਪੜ੍ਹੇ ਲਿਖੇ ਸਹਾਇਕਾਂ ਦੀ ਲੋੜ ਸੀ। ਇਸ ਸੰਬੰਧ ਵਿਚ ਨਾਇਬ ਤਸੀਲਦਾਰ ਦੇ ਤੌਰ ਤੇ ਉਨ੍ਹਾਂ ਦੇ ਨਾਲ ਪਰਸਨਲ ਅਸਿਸਟੈਂਟ ਨੀਯਤ ਕੀਤੇ ਗਏ। ਆਪ ਜੀ ਦੇ ਪਿਤਾ ਨੇ ਇਸ ਅਸਾਮੀ ਲਈ ਭਾਈ ਸਾਹਿਬ ਨੂੰ ਘੇਰ ਘਾਰ ਕੇ ਦਲੀਲ ਨਾਲ ਕਾਇਲ ਕਰ ਹੀ ਲਿਆ ਕਿ ਖ਼ਲਕਿ ਖ਼ੁਦਾ ਦ' ਸੇਵਾ ਕਰਨੀ, ਖ਼ੁਦਾ ਦੀ ਹੀ ਸੇਵਾ ਹੈ। ਆਪ ਜੀ ਦੀ ਇਸ ਆਰਜ਼ੀ ਸਰਵਿਸ ਸਮੇਂ ਹੀ ਦੋ ਅੰਗਰੇਜ਼ ਡਾਕਟਰਾਂ ਨਾਲ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ" ਸੰਬੰਧੀ ਪ੍ਰਸ਼ਨੋਤਰੀ ਹੋਈ, ਜਿਸ ਦਾ ਨਤੀਜਾ ਇਹ ਹੋਇਆ ਕਿ ਉਨ੍ਹਾਂ ਦੀ ਉਹ ਪ੍ਰਸ਼ਨੋਤਰੀ ੧੯੧੦ ਈਸਵੀ ਵਿਚ "ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁੱਤ-ਪ੍ਰਸਤੀ ਹੈ?" ਨਾਮੀ ਪੁਸਤਕ ਦੇ ਰੂਪ ਵਿਚ ਪ੍ਰਕਾਸ਼ਤ ਹੋਈ, ਜੋ ਬੜੀ ਸੁਆਦਲੀ ਤੇ ਲਾ-ਜੁਆਬ ਪੁਸਤਕ ਹੈ।

ਚਾਹੇ ਆਪ ਓਦੋਂ ਅਜੇ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਨਹੀਂ ਸਜੇ ਸਨ, ਪਰੰਤੂ ਮੋਨੇ, ਨੜੀਮਾਰ ਦੇ ਹੱਥੋਂ ਨਾ ਛਕਣ ਵਾਲੀ ਰਹਿਤ-ਰਹਿਣੀ ਦੀ ਕਮਾਈ ਪਹਿਲੋਂ ਹੀ ਕਰਨ ਲੱਗ ਪਏ ਸਨ। ਛੇਤੀ ਹੀ ਆਪ ਇਸ ਨੌਕਰੀ ਤੋਂ ਉਪਰਾਮ



www.AKJ.Org

ਹੋ ਗਏ ਅਤੇ ਸਨਬੰਧੀਆਂ ਦੇ ਅਨੇਕਾਂ ਜਤਨਾਂ ਦੇ ਬਾਵਜੂਦ ਭੀ 'ਧ੍ਰਿਗ ਵਿਡਾਣੀ ਚਾਕਰੀ' ਸਮਝ ਕੇ ਇਹ ਚਾਕਰੀ ਤਿਆਗ ਦਿਤੀ।

## ਅੰਮ੍ਰਿਤ ਦੀ ਦਾਤਿ–

੧੪ ਜੂਨ ੧੯੦੩ ਵਿਚ ਪਿੰਡ ਬੱਕਾਪੁਰ ਤਸੀਲ ਫਿਲੌਰ ਪੰਥਕ ਦੀਵਾਨ ਵਿਚ ਆਪ ਜੀ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਸਜ ਗਏ। ਇਸ ਸਮਾਗਮ ਦੀ ਖ਼ਾਸ ਘਟਨਾ ਇਹ ਹੈ ਕਿ ਇਹ ਪੰਥਕ ਦੀਵਾਨ ਉਚੇਚੇ ਤੌਰ ਤੇ ਮੌਲਵੀ ਕਰੀਮ ਬਖ਼ਸ਼ ਤੇ ਉਨ੍ਹਾਂ ਦੇ ਪਰਵਾਰ ਨੂੰ (ਅੰਮ੍ਰਿਤ ਛਕਣ ਬਾਅਦ ਸੰਤ ਲਖਬੀਰ ਸਿੰਘ ਦੇ ਨਾਂ ਨਾਲ ਪਰਸਿੱਧ ਹੋਏ) ਮੁਸਲਮਾਨੀ ਮਤ ਤੋਂ ਸਿੰਘ ਸਜਾਉਣ ਲਈ ਕੀਤਾ ਗਿਆ ਸੀ।

ਇਸ ਅੰਮ੍ਰਿਤ ਸਮਾਗਮ ਸਮੇਂ ਬੜਾ ਚੜ੍ਹਦੀਆਂ ਕਲਾਂ ਵਾਲਾ ਹੁਕਮ ਆਇਆ ਸੀ, ਜਿਸ ਦੀ ਪਹਿਲੀ ਤੁਕ ਹੈ–

ਅਪਣੇ ਬਾਲਕ ਆਪਿ ਰਖਿਅਨੁ ਪਾਰਬ੍ਰਹਮ ਗੁਰਦੇਵ ॥ [ਬਿਲਾਵਲੁ ਮ: ੫, ਪੰਨਾ ੮੧੯

ਅੰਮ੍ਰਿਤ ਛਕਣ ਸਾਰ ਕਾਇਆ ਪਲਟ ਗਈ। ਗੁਰਮਤਿ ਰਹਿਤ-ਰਹਿਣੀ ਪਰਪੱਕ ਹੋ ਗਈ,ਪਰ ਇਕ ਘਟਨਾ ਦੇ ਕਾਰਨ ਅੰਮ੍ਰਿਤ-ਕਲਾ ਵਰਤਣ ਵਿਚ ਵਿਘਨ ਪਿਆ ਅਤੇ ਨਾਮ ਦ੍ਰਿੜ੍ਹ ਨਾ ਹੋ ਸਕਣ ਕਾਰਨ ਅਭਿਆਸ ਦਾ ਪਰਵਾਹ ਨਾ ਤੁਰ ਸਕਿਆ। ਗੁਰਬਾਣੀ ਦਾ ਰਟਣ, ਕੀਰਤਨ ਤੇ ਸਤਸੰਗ ਖ਼ਾਸ ਖ਼ੁਰਾਕ ਤੇ ਜੀਵਨ-ਅਧਾਰ ਬਣ ਗਿਆ। ਜਿਥੇ ਵੀ ਦੂਰ-ਦੁਰਾਡੇ ਤਾਈਂ ਸਤਸੰਗ ਮੰਡਲ ਦੀ ਸੋਇ ਸੁਣਨੀ, ਧਾ ਕੇ ਪੁਜਣਾ। ਪ੍ਰੇਮ, ਉਤਸ਼ਾਹ, ਤੇ ਵੈਰਾਗ ਦੇ ਨਾਲ ਨਾਲ ਨਾਮ ਦੀ ਸਿਕ ਦਿਨੋ ਦਿਨ ਵਧਦੀ ਜਾਏ।

## ਐਬਟਾਬਾਦ ਵਿਚ ਨਾਮ ਦੀ ਪ੍ਰਾਪਤੀ–

੧੯੦੪ ਵਿਚ ਦੁਬਾਰਾ ਫਿਰ ਸੰਗਤ ਨੇ ਹੁਕਮ ਦੇ ਕੇ ਐਬਟਾਬਾਦ ਹੈਡ ਕਲਰਕ ਦੇ ਤੌਰ ਤੇ ਭੇਜਣ ਲਈ ਮਜਬੂਰ ਕਰ ਦਿਤਾ। ਐਬਟਾਬਾਦ ਪੁਜ ਕੇ ਉਥੋਂ ਦੇ ਕੁਦਰਤੀ ਤੇ ਪਹਾੜੀ ਸੁੰਦਰ ਨਜ਼ਾਰਿਆਂ ਨੂੰ ਦੇਖ ਕੇ ਬਿਰਤੀ ਟਿਕਾਉ ਤੇ ਚੜ੍ਹਾਉ ਦੇ ਹੁਲਾਰਿਆਂ ਵਿਚ ਆ ਗਈ। ਭਾਈ ਸਾਹਿਬ ਜੇਲ੍ਹ ਚਿਠੀਆਂ ਵਿਚ ਲਿਖਦੇ ਹਨ–

'ਇਕ ਤਾਂ ਸੰਗਤ ਦਾ ਵਿਛੋੜਾ, ਦੂਜੇ ਪਰਦੇਸਾਂ ਦੇ ਮਾਮਲੇ, ਤੀਸਰੇ ਉਥੋਂ ਦੀ ਸੀਨਰੀ (ਨਜ਼ਾਰੇ) ਤੇ ਸੁੰਦਰ ਆਬੋ ਹਵਾ ਦੇ ਕਾਰਨ ਮੇਰਾ ਵੈਰਾਗ ਫੁਟ ਫੁਟ ਕੇ ਵਗਣ ਲਗ ਪਿਆ ਤੇ ਠਾਠਾਂ ਮਾਰੇ, ਤੇ ਅਜੇਹੇ ਪ੍ਰੇਮ-ਉਛਾਲੇ ਆਵਣ ਕਿ ਬਿਹਬਲ ਤੇ ਬੇਹੋਸ਼ ਕਰ ਜਾਵਣ। ਐਵੇਂ ਬੱਧਾ ਰੁੱਧਾ ਦੜੇ ਦਫਤਰ ਦਾ ਬੁੱਤਾ ਪੂਰਾ ਕਰ ਆਇਆ ਕਰਾਂ। ਮਸਾਂ ਮਸਾਂ ਦਫ਼ਤਰੋਂ ਛੁਟਾਂ ਤੇ ਝਟ ਗੁਰਦੁਆਰ ਆ ਨਿਵਾਂ (ਜਿਹੜਾ ਕਿ ਬੂੰਗੇ ਦੇ ਨਿਕਟ ਹੀ ਸੀ)। ਮਸਤਾਨੇ ਜਿਹੇ ਭੂਰੇ ਦੀ ਬੁੱਕਲ ਮਾਰ ਜੋੜਿਆਂ ਵਾਲੇ ਥਾਉਂ ਆ ਬੈਠਾਂ, ਜਿਥੇ ਮੈਂ ਕਿਸੇ ਦੀ ਨਜ਼ਰ ਵਿਚ ਵੀ ਨਾ ਰੜਕ ਸਕਾਂ। ਮੈਨੂੰ ਇਸ ਬਿਧ ਰਹਿਣਾ ਬਹੁਤ ਹੀ ਸੁਖਾਵੇ।......ਮੈਨੂੰ ਜਾਣ ਤੇ ਉਠਣ ਦੀ ਅਕਾਂਖਿਆ ਹੀ ਨਾ ਫੁਰੇ। ਛਕਣ ਛਕਾਣ ਦੀ ਇੱਛਾ ਹੀ ਦੂਰ ਹੋ ਗਈ।...ਗੱਲ ਬਾਤ ਉਕਾ ਹੀ ਕਿਸੇ ਨਾਲ ਨਾ ਕਰਨੀ।...ਕਦੇ ਕਿਸੇ ਕੰਦਰਾਂ ਵਿਚ ਇਕੱਲਿਆਂ ਹੀ ਝਲਿਆਂ ਵਾਂਗ ਜਾ ਫਿਰਨਾ। ਉਸ ਕੁਦਰਤੀ ਇਕਾਂਤ ਦੇ ਸੁਹਾਵਣੇ ਨਜ਼ਾਰੇ ਵਿਚ ਮੇਰੇ ਬੈਰਾਗ ਨੂੰ ਹੋਰ ਵੀ ਫੰਗ ਲਗ ਜਾਵਣ। ਮੈਨੂੰ ਇਕ ਨਾਮ ਦੀ ਲਿਵ ਲਗੀ ਹੋਈ, ਹੋਰ ਸੁਧ ਬੁਧ ਕੋਈ ਨਾ। ਰਾਤ ਨੂੰ ਨੀਂਦ ਹਰਾਮ ਹੋ ਗਈ। ਅੱਖਾਂ ਪੱਥਰ ਹੋ ਗਈਆਂ। ਜੀ ਭਿਆਣਾ ਹੋ ਰਹਾਂ। ਨਿਤਨੇਮ ਅਨੁਸਾਰ ਇਕ ਵਜੇ ਰਾਤ ਦੇ ਉਠ ਗੁਰਦੁਆਰੇ ਵਾਲੇ ਕੂਪ ਤੇ ਇਸ਼ਨਾਨ ਕਰਨਾ।...ਤੇ ਦਿਨ ਚੜ੍ਹਨ ਤਕ ਸਭ ਬਾਣੀਆਂ ਦਾ ਪਾਠ ਬੜੀ ਬੈਰਾਗ-ਦਸ਼ਾ ਵਿਚ ਕਰਨਾ। ਪਰ ਨਾਮ ਦੀ ਟੋਟ ਦਿਨੋ ਦਿਨ ਵਧਦੀ ਜਾਵੇ।

...ਮੈਨੂੰ ਪ੍ਰਾਥਨਾ ਕਰਨ ਵਿਚ ਇਕ ਅਨੋਖਾ ਹੀ ਸੁਆਦ ਆਵੇ। ਹਟਣ ਨੂੰ ਜੀਅ ਨਾ ਕਰੇ। ਜਦ ਹੋਰ ਸਭ ਕੁਝ ਔੜਨੋਂ ਬੰਦ ਹੋ ਗਿਆ



www.AKJ.Org

ਤਾਂ ਕੇਵਲ ਹੇ ਗੁਰੂ ! ਹੇ ਗੁਰੂ !! ਨਾਮ ਬਖਸ਼, ਨਾਮ ਦ੍ਰਿੜ੍ਹਾ ਦੇ, ਨਾਮ ਜਪਣ ਲਾ ਦੇ। ਇਤਨੇ ਲਫ਼ਜ਼ ਹੀ ਮੂੰਹੋਂ ਨਿਕਲਦੇ ਰਹੇ ਤੇ ਓੜਕ ਨੂੰ ਹੇ ਗੁਰੂ ! ਹੇ ਗੁਰੂ !! ਇਤਨੀ ਲਾਲਸਾ ਹੀ ਰਹਿ ਗਈ। ਹੇ ਗੁਰੂ ! ਹੇ ਗੁਰੂ !! ਕਰਦੇ ਨੂੰ ਮੈਨੂੰ ਕੁਝ ਪਤਾ ਨਹੀਂ ਰਿਹਾ। ਆਪਣੇ ਸਰੀਰ ਦੀ ਸੁਧ ਨਾ ਰਹੀ ਤੇ ਮੈਨੂੰ ਪਤਾ ਨਹੀਂ ਕਿ ਕਦੋਂ ਮੈਂ ਖੜਾ ਖੜਾ ਡਿਗ ਪਿਆ । ਕੇਵਲ ਇਤਨੀ ਸੋਝੀ ਹੈ ਕਿ ਇਕ ਅਗੰਮੀ ਆਵਾਜ਼ ਨੇ ਹਲਾ ਸ਼ੇਰੀ ਦਿਤੀ ਕਿ ਉਠ ਤਕੜਾ ਹੋ ! ਤੇਰੇ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੈਨੂੰ ਪ੍ਰਾਤਾਕਾਲ ਹੀ ਨਾਮ ਦੇਵਣਗੇ। ਜਿਹੜੀ ਪਹਿਲੀ ਦੁਤੁਕੀ ਗੁਰੂ ਮਹਾਰਾਜ ਦੀ ਗੁਰਦੁਆਰੇ ਵੜਨ ਸਾਰ ਤੇਰੇ ਕੰਨਾਂ ਵਿਚ ਪਵੇਗੀ ਉਸ ਵਿਚ ਤੇਰਾ ਬੇੜਾ ਪਾਰ ਹੋ ਜਾਣਾ ਹੈ ਤੇ ਨਾਮ ਨੇ ਅੰਦਰ ਨਿਵਾਸ ਕਰ ਜਾਣਾ ਹੈ। ਸਾਵਧਾਨ ਹੋ ਕੇ ਸੰਭਾਲੀਂ। ਫੇਰ ਇਕ ਹੁਜ ਜਿਹੀ ਵਜੀ ਤੇ ਮੈਂ ਸਾਵਧਾਨ ਹੋ ਗਿਆ।.. ਇਹ ਗ਼ੈਬੀ ਇਸ਼ਾਰਾ ਮੇਰੇ ਸ਼ਰਧਾਲੂ ਆਤਮੇ ਅੰਦਰ ਡੂੰਘਾ ਉਤਰ ਗਿਆ।...ਬ੍ਰਿਤੀ ਅਫੁਰ ਹੋ ਚੁਕੀ ਸੀ। ਚਾਉ ਚੜ੍ਹਿਆ ਹੋਇਆ.. ਮੈਨੂੰ ਮਸਾਂ ਪ੍ਰਭਾਤ ਆਈ।... ਪਉਏ ਪਾਈ ਹੌਲੀ ਹੌਲੀ ਗੁਰਦੁਆਰੇ ਵਲ ਧਾਈ ਕੀਤੀ।.. ਜਦੋਂ ਮੈਂ ਅਤਿ ਨੇੜੇ ਢੁਕਾ ਤਾਂ ਮਧੁਰ ਮਧੁਰ ਪਾਠ ਦੀ ਰਸੀਲੀ ਅਤਿ ਮਨਮੋਹਣੀ ਦਿਲ ਖਿਚਵੀਂ ਧੁਨੀ ਸੁਣੀ, ਜੋ ਮੈਨੂੰ ਮਸਤ ਕਰਦੀ ਜਾਵੇ, ਪਰ ਬਾਣੀ ਸਪੱਸ਼ਟ ਤੌਰ ਤੇ ਸੁਣੀ ਤੇ ਸਮਝੀ ਨਾ ਜਾਵੇ, ਬੜਾ ਹੈਰਾਨ ਕਿ ਅਜ ਸਵੱਖਤੇ ਕਿਸ ਨੇ ਮਹਾਰਾਜ ਦਾ ਪ੍ਰਕਾਸ਼ ਕੀਤਾ ਹੈ ਅਤੇ ਕੌਣ ਐਸੀ ਚਿਤ-ਚੀਰਵੀਂ ਪ੍ਰੇਮ ਲਟਕ ਵਿਚ ਅਟਕ ਅਟਕ ਕੇ ਤੇ ਲਮਕ ਲਮਕ ਕੇ ਪਾਠ ਕਰ ਰਿਹਾ ਹੈ। ਜਦ ਮੈਂ ਐਨ ਦਰਵਾਜ਼ੇ ਦੀ ਦੇਹੁਰੀ ਪਾਸ ਪੁਜਾ ਅਤੇ ਅੰਦਰਵਾਰ ਵੜਨ ਲਗਾ ਤਾਂ ਮੇਰਾ ਸੀਸ ਇਕ ਦਮ ਝੁਕ ਗਿਆ ਅਤੇ ਫੜੱਕ ਮੇਰੇ ਸ੍ਰਵਣ-ਸ੍ਰੋਤ ਦੇ ਦਰਵਾਜ਼ੇ ਅੰਦਰ ਇਹ ਦੋ ਤੁਕਾਂ ਸਪੱਸ਼ਟ ਆ ਪਈਆਂ, ਯਥਾ ਦੁਤੁਕੀ—

ਵੇਮੁਹਤਾਜਾ ਵੇਪਰਵਾਹੁ ॥
ਨਾਨਕ ਦਾਸ ਕਹਹੁ ਗੁਰ ਵਾਹੁ ॥ (੩੭੬)

"ਕਹਹੁ ਗੁਰ ਵਾਹੁ" ਵਾਲੀ ਐਸੀ ਜ਼ਬਰ-ਦਸਤ ਚੁੰਬਕ ਕਲਾ ਵਾਲੀ ਸੱਟ ਪਈ ਕਿ ਤੁਰਤ 'ਵਾਹਿਗੁਰੂ' 'ਵਾਹਿਗੁਰੂ' ਦੀ ਝਰਨਾਹਟ ਦਾ ਰਾਗ ਮੇਰੇ ਰਗ-ਰੇਸ਼ੇ ਤੇ ਲੂੰ ਲੂੰ ਅੰਦਰ ਛਿੜ ਗਿਆ।... ਮੈਂ ਉਭੜ ਕੇ ਮਹਾਰਾਜ ਦੀ ਚਰਨ ਸ਼ਰਨ ਡੰਡੌਤ ਵਿਚ ਜਾ ਪਿਆ।...ਮੈਂ ਡੰਡਵਤ ਵਿਚੋਂ ਉਠ ਕੇ ਗੁਰੂ ਮਹਾਰਾਜ ਜੀ ਦੇ ਦਰਸ਼ਨ ਕੀਤੇ ਤੇ ਫ਼ਤਹ ਬੁਲਾਈ ਤਾਂ ਕੀ ਦੇਖਾਂ, ਮਹਾਰਾਜ ਜੀ ਉਪਰ ਚਵਰ ਹੋ ਰਿਹਾ ਹੈ, ਪਰ ਤਾਬੇ ਕੋਈ ਨਹੀਂ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਰਵਾਰ ਚੰਦੋਆ ਸਾਹਿਬ ਤੇ ਸ੍ਰੀ ਗੁਰੂ ਸਾਹਿਬ ਦੇ ਵਿਚਕਾਰ ਅਦੁਤੀ ਚਮਤਕਾਰਕ ਅਤੇ ਝਿਲਮਿਲਕਾਰਕ ਛਬੰਨੀ ਚਕ੍ਰਿਤ ਚਿਤਰਕਾਰੀ ਵਿਚ 'ਵਾਹਿਗੁਰੂ' ਸ਼ਬਦ ਚਿਤਰਿਆ ਝਿਲਮਿਲ-ਝਿਲਮਿਲ ਕਰੇ, ਜੋ ਆਸਰੇ ਬਿਹੂਣ ਹਵਾ ਵਿਚ ਮੁਅੱਲਕ ਟਿਕਿਆ ਲਹਿਰੇ ਮਾਰੇ। ਗੁਰਦੁਆਰੇ ਦੇ ਹਵਾਈ ਪੁਲਾੜ ਵਿਚ ਚਾਰ ਚੁਫੇਰੇ ਇਹੋ ਹੀ ਕੌਤਕ ਵਰਤ ਰਿਹਾ ਸਾਂਗੋ ਪਾਂਗ ਦਿਸੇ।"

ਇਸ ਤੋਂ ਉਪਰੰਤ ਅਖੰਡ-ਚੋਕੜੇ ਵਿਚ ਦੋ ਵਾਰੀ ਦੋ ਅਖੰਡ ਪਾਠ ਆਦਿ ਤੋਂ ਅੰਤ ਤਕ ਸ੍ਰਵਣ ਕੀਤੇ। ਪਹਿਲੇ ਦਾ ਭੋਗ ੨੩ ਨਵੰਬਰ ੧੯੦੪ ਨੂੰ ਪਿਆ ਅਤੇ ਦੂਜੇ ਦਾ ੧੩ ਜਨਵਰੀ ੧੯੦੫ ਨੂੰ ਭੋਗ ਪਿਆ, ਜਿਸ ਦਾ ਸਦਕਾ ਆਪ ਜੀ ਨੂੰ ਦਸਮ ਪਾਤਸ਼ਾਹ ਜੀ ਦੇ ਦਰਸ਼ਨ ਹੋਏ ਅਤੇ ਨੌਕਰੀ ਛਡ ਕੇ ਮੁੜ ਆਉਣ ਦੀ ਗੋਝ ਪ੍ਰੇਰਨਾ ਹੋਈ । ਇਸ ਸਮੇਂ ਵਿਚ ਵਾਪਰੇ ਹੋਰ ਅਨੇਕਾਂ ਬ੍ਰਿਤਾਂਤ ਹਨ।

ਵਾਪਸੀ ਸਮੇਂ ਹਰੀਪੁਰ ਹਜ਼ਾਰੇ ਵਿਚ ਮਸਤਾਨੀ ਦਸ਼ਾ ਵਿਚ ਵਿਚਰਦੀ ਸੰਤ ਭਗਤ ਮਾਈ ਗੁਲਾਬ ਕੌਰ ਜੀ ਦਾ ਦਾ ਦਰਸ-ਮਿਲਾਪ ਵੀ ਇਕ ਅਸਚਰਜ ਘਟਨਾ ਹੈ। ਭਾਈ ਸਾਹਿਬ ਪ੍ਰਥਾਇ ਮਾਈ ਨੇ ਸੁਤੇ ਹੀ ਬਚਨ ਕੀਤਾ, "ਅਖੰਡ ਪਾਠਾਂ ਦੇ ਪਰਵਾਹ ਹੁਣ ਬਹੁਤ ਚਲਣਗੇ। ਜਾਓ, ਰਜ ਰਜ ਕੇ ਅੰਮ੍ਰਿਤ ਭੁੰਚੋ, ਅਤੇ ਰਲ ਮਿਲ ਕੇ ਪਿਉ ਦਾਦੇ ਦੇ ਅਖੁਟ ਖ਼ਜ਼ਾਨੇ ਵਿਚੋਂ ਖਾਓ ਤੇ ਖਰਚੋ।†

†ਇਹ ਪਰਸੰਗ ਅਤੇ ਹੋਰ ਹਾਲਾਤ ਵੇਰਵੇ ਸਹਿਤ 'ਜੇਲ੍ਹ ਚਿੱਠੀਆਂ' ਵਿਚ ਪੜ੍ਹੋ।



www.AKJ.Org

ਭਾਈ ਸਾਹਿਬ ਜੀ ਨੇ ਘਰਾਂ ਵਲ ਮੋੜੇ ਪਾਏ ਅਤੇ ਫਿਰ ਸੰਗਤਾਂ ਵਿਚ ਆਣ ਜੁੜੇ ।

## ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ—

੧੯੦੭ ਵਿਚ ਸ: ਹਰਬੰਸ ਸਿੰਘ ਜੀ ਅਟਾਰੀ ਦੀ ਪ੍ਰੇਰਨਾ ਨਾਲ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਹੋਸਟਲ ਸੁਪ੍ਰੰਟੈਂਡੈਂਟ ਆ ਲਗੇ । ਇਸ ਸਮੇਂ ਦੀ ਇਥੇ ਵਾਪਰੀ ਇਕ ਖ਼ਾਸ ਘਟਨਾ ਵਰਣਨ ਯੋਗ ਹੈ, ਜੋ ਇਸ ਤਰ੍ਹਾਂ ਹੈ—

ਇਕੇਰਾਂ ਵਿਦਿਆਰਥੀਆਂ ਨੇ ਭਾਈ ਸਾਹਿਬ ਤੋਂ ਯਾਚਨਾ ਕੀਤੀ ਕਿ ਲੰਗਰ ਵਿਚ ਖੀਰ ਬਣਾਈ ਜਾਵੇ । ਆਪ ਜੀ ਨੇ ਦੋ ਲਾਂਗਰੀ ਲਾਗਲੇ ਪਿੰਡਾਂ ਵਿਚ ਦੁੱਧ ਲਈ ਘਲ ਦਿਤੇ । ਦੁੱਧ ਆ ਗਿਆ । ਖੀਰ ਤਿਆਰ ਹੋ ਗਈ । ਪਰ ਭਾਣਾ ਇਉਂ ਵਰਤਿਆ ਕਿ ਜਿਨ੍ਹਾਂ ਜਿਨ੍ਹਾਂ ਨੇ ਉਹ ਖੀਰ ਖਾਧੀ, ਅੱਧੇ ਘੰਟੇ ਵਿਚ ਹੀ ਉਨ੍ਹਾਂ ਦਾ ਜੀਅ ਮਚਲਾਣ ਲਗ ਪਿਆ ਅਤੇ ਦਸਤ ਕੈਆਂ ਲਗ ਗਈਆਂ । ਇਕ ਘੰਟੇ ਵਿਚ ਲਗ ਪਗ ਦੋ ਸੌ ਮੁੰਡਿਆਂ ਦੀ ਲਾਚਾਰ ਬਿਵਸਥਾ ਹੋ ਗਈ । ਪ੍ਰਿੰਸੀਪਲ ਧਰਮਾਨੰਦ ਸਿੰਘ ਜੀ ਲਿਖਦੇ ਹਨ ਕਿ—

"ਐਤਵਾਰ ਦਾ ਦਿਨ ਸੀ । ਮੈਂ ਦਰਬਾਰ ਸਾਹਿਬ ਤੋਂ ਵਾਪਸ ਆਇਆ । ਨਾਭਾ ਹੋਸਟਲ ਦੇ ਸਾਹਮਣੇ ਇਹ ਦ੍ਰਿਸ਼ ਦੇਖਿਆ ਕਿ ਮਾਸਟਰਾਂ ਤੇ ਵਿਦਿਆਰਥੀਆਂ ਦੀ, ਲਾਂਗਰੀਆਂ ਤੇ ਚਪੜਾਸੀਆਂ ਦੀ, ਚੌਕੀਦਾਰਾਂ ਤੇ ਚੂੜ੍ਹਿਆਂ ਦੀ ਭਾਰੀ ਭੀੜ ਲਗੀ ਖੜੀ ਸੀ, ਪਰ ਰੌਲੇ-ਰਪੇ ਦਾ ਨਾਂ-ਨਿਸ਼ਾਨ ਨਹੀਂ ਸੀ । ਸਭ ਹੈਰਾਨੀ ਤੇ ਪ੍ਰੇਸ਼ਾਨੀ ਦੇ ਬੁੱਤ ਨਜ਼ਰ ਆਉਂਦੇ ਸਨ । ਮੈਂ ਭੀੜ ਤੋਂ ਅਗੇ ਲੰਘਣ ਦਾ ਹੌਸਲਾ ਕੀਤਾ ਤਾਂ ਵੇਖਿਆ, ਭਾਈ ਸਾਹਿਬ ਰਣਧੀਰ ਸਿੰਘ ਜੀ ਸਾਹਮਣੇ ਕੁਰਸੀ ਤੇ ਬੈਠੇ ਹਨ ਅਤੇ ਦੋ ਵਿਸ਼ੇਸ਼ ਲਾਂਗਰੀ ਉਨ੍ਹਾਂ ਦੇ ਸੱਜੇ ਪਾਸੇ ਹੱਥ ਜੋੜੀ ਖੜੇ ਹਨ । ਮੈਂ ਭਾਈ ਸਾਹਿਬ ਦੇ ਸਨਮੁੱਖ ਹੋ ਫ਼ਤਹ ਗਜਾਈ, ਜਿਸ ਦਾ ਉਤਰ ਉਨ੍ਹਾਂ ਨੇ ਆਪਣੀ ਸਦੀਵੀ ਮੁਸਕਰਾਹਟ ਨਾਲ ਦਿਤਾ ਤੇ ਦੂਜੀ ਕੁਰਸੀ ਤੇ ਬੈਠਣ ਦਾ ਇਸ਼ਾਰਾ ਕੀਤਾ । ਮੈਂ ਬਹਿ ਗਿਆ । ਭਾਈ ਸਾਹਿਬ ਦੇ ਸੱਜੇ ਹੱਥ ਵਿਚ ਰੂਲ ਸੀ । ਉਹ ਮੇਰੇ ਨਾਲ ਮਮੂਲੀ ਜਿਹੀ ਗੱਲ ਬਾਤ ਭੀ ਕਰ ਰਹੇ ਸਨ ਤੇ ਲਗਾਤਾਰ ਮੁਸਕਰਾ ਰਹੇ ਸਨ । ਮੱਥੇ ਪਰ ਕਿਸੇ ਪ੍ਰਕਾਰ ਦੀ ਤਿਊੜੀ ਜਾਂ ਵੱਟ ਨਜ਼ਰ ਨਹੀਂ ਆਉਂਦਾ ਸੀ । ਖਿਨ ਖਿਨ ਮਗਰੋਂ ਬਾਰੰਬਾਰ ਉਨ੍ਹਾਂ ਦੇ ਪਵਿਤਰ ਮੁਖ ਤੋਂ ਬਾਣੀ ਦੇ ਕਿਸੇ ਵਾਕ ਦੀ ਆਵਾਜ਼ ਭੀ ਸਾਫ਼ ਸੁਣੀਂਦੀ ਸੀ । ਉਹ ਪੂਰਨ ਸਤੋ-ਗੁਣੀ ਪ੍ਰਭਾਵ ਵਿਚ ਸਨ । ਭਾਈ ਸਾਹਿਬ ਨੇ ਬੜੀ ਸੰਜੀਦਗੀ ਨਾਲ ਤਿੰਨ ਵੇਰ ਲਾਂਗਰੀਆਂ ਨੂੰ ਸੰਬੋਧਨ ਕਰਕੇ ਪੁਛਿਆਂ, 'ਦਸੋ, ਦੁੱਧ ਵਿਚ ਕੀ ਰਲਾ ਕੇ ਲਿਆਏ ਹੋ ? ਉਨ੍ਹਾਂ ਦੋਹਾਂ ਨੇ ਤਿੰਨੇ ਵੇਰ ਉਤਰ ਦਿਤਾ, 'ਜੀ, ਅਸਾਂ ਕੁਝ ਨਹੀਂ ਰਲਾਇਆ । ਸਾਨੂੰ ਕੁਝ ਪਤਾ ਨਹੀਂ । ਅਸੀਂ ਨਿਰਦੋਸ਼ ਹਾਂ ।' ਤਿੰਨ ਵੇਰਾਂ ਏਦਾਂ ਪੁਛਣ ਮਗਰੋਂ ਭਾਈ ਸਾਹਿਬ ਨੇ ਅਤਿ ਤੇਜੱਸ੍ਵੀ ਗੰਭੀਰਤਾ ਨਾਲ ਰੂਲ ਨੂੰ ਇਧਰ ਉਧਰ ਘੁਮਾਇਆ ਤੇ ਫਿਰ ਗਰਜ ਕੇ ਕਿਹਾ, 'ਸਿੰਘੋ, ਸੱਚ ਸੱਚ ਦਸੋ, ਦੁੱਧ ਵਿਚ ਕੀ ਰਲਾਇਆ ਜੇ ? ਤੁਸਾਂ ਗੁਰੂ ਕੇ ਸਿੰਘ ਹੋ ਕੇ ਘੋਰ ਪਾਪ ਕੀਤਾ ਹੈ । ਬੜਾ ਕਹਿਰ ਵਰਤਾਇਆ । ਵਾਹਿਗੁਰੂ ! ਹੱਥ ਅੱਗੇ ਕਰੋ ।' ਬਸ ਫਿਰ ਕੀ ਸੀ ! ਲਾਂਗਰੀ ਹੱਥ ਅੱਗੇ ਕਰਦੇ ਗਏ ਤੇ ਭਾਈ ਸਾਹਿਬ ਉਚੀ ਤੋਂ ਉਚੀ ਅਵਾਜ਼ ਵਿਚ 'ਵਾਹਿਗੁਰੂ ਵਾਹਿਗੁਰੂ' ਕਹਿੰਦੇ ਹੋਏ ਵਧ ਤੋਂ ਵਧ ਜ਼ੋਰ ਨਾਲ, ਉਨ੍ਹਾਂ ਦੋਹਾਂ ਦੇ ਹੱਥਾਂ ਪਰ ਵਾਰੋ ਵਟੀ ਰੂਲ ਮਾਰਦੇ ਗਏ । ਜਦੋਂ ਦੋਹਾਂ ਨੂੰ ਸਤ ਸਤ ਰੂਲ ਪੈ ਚੁਕੇ ਅਰ ਦੋਹਾਂ ਦੇ ਕੰਨਾਂ ਵਿਚ ਸਤ ਸਤ ਵੇਰ ਇਕ ਮਹਾਂ ਪੁਰਖ ਦੇ ਮੂੰਹ ਤੋਂ 'ਵਾਹਿਗੁਰੂ' ਸ਼ਬਦ ਦੀ ਧੁਨੀ ਪੈ ਚੁਕੀ ਤਾਂ ਉਹ ਵੀ ਅਚਣਚੇਤ ਉਚੀ ਉਚੀ 'ਵਾਹਿਗੁਰੂ ਵਾਹਿਗੁਰੂ' ਕਹਿਣ ਲਗ ਪਏ । ਉਨ੍ਹਾਂ ਦੇ 'ਵਾਹਿਗੁਰੂ ਵਾਹਿਗੁਰੂ' ਕਹਿਣ ਦੀ ਹੀ ਦੇਰ ਸੀ ਕਿ ਭਾਈ ਸਾਹਿਬ ਨੇ ਝਟ ਰੂਲ ਮੇਜ਼ ਤੇ ਰਖ ਦਿਤਾ ਅਰ ਹੱਥ ਜੋੜ ਕੇ ਲਾਂਗਰੀਆਂ ਸਾਹਮਣੇ ਖੜੇ ਹੋ ਗਏ ਅਤੇ ਬੜੀ ਉਚੀ ਅਵਾਜ਼ ਵਿਚ ਕਿਹਾ, 'ਸਿੰਘੋ, ਬਿਲਕੁਲ ਸੱਚ ਸੱਚ ਦਸ ਦਿਉ । ਹੁਣੇ ਇਸ ਪਲ ਛਿਨ ਵਿਚ ਸਤਿਗੁਰੂ ਤੁਹਾਡਾ ਗੁਨਾਹ



www.AKJ.Org

ਬਖ਼ਸ਼ਣ ਲਈ ਹਾਜ਼ਰ ਹਜ਼ੂਰ ਹਨ।' ਭਾਈ ਸਾਹਿਬ ਇਹ ਸ਼ਬਦ ਕਹਿ ਹੀ ਰਹੇ ਸਨ ਕਿ ਲਾਂਗਰੀ ਭੁੱਬਾਂ ਮਾਰ ਕੇ ਰੋ ਪਏ ਤੇ ਮਹਾਂ ਪੁਰਖ ਦੇ ਚਰਨਾਂ ਤੇ ਡਿਗ ਪਏ ਤੇ ਕਹਿਣ ਲਗੇ, 'ਮਹਾਰਾਜ ! ਸਾਨੂੰ ਬਖ਼ਸ਼ੋ, ਸਾਨੂੰ ਬਖਸ਼ੋ, ਅਸੀਂ ਬੜੇ ਨੀਚ ਹਾਂ, ਮਹਾਂ ਨੀਚ ਹਾਂ। ਅਸਾਂ ਦੁੱਧ ਵਿਚ ਟੋਇਆਂ ਤੇ ਛਪੜਾਂ ਦਾ ਪਾਣੀ ਰਲਾਇਆ ਸੀ, ਸਾਨੂੰ ਬਖਸ਼ੋ, ਮਹਾਰਾਜ ਸਾਨੂੰ ਬਖਸ਼ੋ ! ਉਹ ਇਹ ਕਹਿ ਹੀ ਰਹੇ ਸਨ ਕਿ ਸੰਤ ਭਾਈ ਰਣਧੀਰ ਸਿੰਘ ਜੀ ਨੇ, ਜੋ ਪਹਿਲਾਂ ਹੀ ਹੱਥ ਜੋੜੀ ਖੜੇ ਸਨ, ਪੈਰਾਂ ਤੋਂ ਜੋੜੇ ਲਾਹ ਦਿਤੇ ਅਤੇ ਬੜੀ ਮਿਠੀ ਸੁਰੀਲੀ ਅਵਾਜ਼ ਨਾਲ ਇਸ ਸਾਰੇ ਸ਼ਬਦ ਦਾ ਪਾਠ ਕੀਤਾ—

ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ॥
ਤੂੰ ਮੇਰਾ ਬੰਧਪੁ ਤੂੰ ਮੇਰਾ ਭਰਾਤਾ ॥

[ਮਾਝ ਮ: ੩, ਪੰਨਾ ੧੦੩

"ਸ਼ਬਦ ਦੀ ਸਮਾਪਤੀ ਪਰ ਅਰਦਾਸਾ ਸੋਧਿਆ ਤੇ ਕਿਹਾ ਕਿ ਆਪ ਦੇ ਸੇਵਾਦਾਰਾਂ ਤੋਂ ਬੜੀ ਉਗ੍ਰ ਖ਼ਤਾ ਹੋਈ ਹੈ, ਇਨ੍ਹਾਂ ਨੂੰ ਬਖਸ਼ੋ।...ਜਿਹੜੇ ਬੱਚੇ ਇਸ ਵੇਲੇ ਅਤਿ ਖ਼ਤਰਨਾਕ ਹਾਲਤ ਵਿਚ ਮੰਜੀਆਂ ਤੇ ਪਏ ਹਨ, ਉਨ੍ਹਾਂ ਨੂੰ ਪੂਰਨ ਸਾਵਧਾਨ ਕਰੋ। ਤੇ ਹੇ ਸਭ ਦੀ ਲਾਜ ਰਖਣ ਵਾਲੇ ਸਤਿਗੁਰੂ, ਮੇਰੀ ਵੀ ਲਾਜ ਰਖੋ। ਮੇਰੇ ਸਿਰ ਬੜੀ ਜ਼ਿਮੇਵਾਰੀ ਹੈ। ਇਸ ਜੰਗਲ ਵਿਚ ਇਸ ਵੇਲੇ ਨਾ ਕੋਈ ਡਾਕਟਰ ਹੈ, ਨਾ ਕੋਈ ਹਕੀਮ ਹੈ, ਨਾ ਕੋਈ ਵੈਦ ਹੈ।

ਇਸ ਉਪਰੰਤ ਆਪ ਨੰਗੇ ਪੈਰੀਂ ਦੌੜੇ ਗਏ ਤੇ ਛੇਤੀ ਛੇਤੀ ਇਕ ਭਾਂਡੇ ਵਿਚ ਖੂਹ ਤੋਂ ਜਲ ਲਿਆ ਅਤੇ ਇਸ ਨੂੰ ਮੇਜ਼ ਤੇ ਰਖ ਕੇ ਪੰਜ ਵੇਰ ਮੂਲ ਮੰਤਰ ਦਾ ਪਾਠ ਕੀਤਾ। ਕੁਝ ਹੋਰ ਬਾਣੀ ਦਾ ਪਾਠ ਕੀਤਾ ਅਤੇ ਫਿਰ ਕੇਵਲ 'ਵਾਹਿਗੁਰੂ ਵਾਹਿਗੁਰੂ' ਕਰਦੇ ਹੋਏ ਜਿਥੇ ਜਿਥੇ ਲੜਕੇ ਬੀਮਾਰ ਪਏ ਸਨ, ਉਧਰ ਤੁਰ ਪਏ। ਸਾਰੀ ਬਹੁਰੰਗੀ ਭੀੜ ਵੀ ਪਿਛੇ ਸੀ ਤੇ ਮੈਂ ਅਗੇ ਅਗੇ ਉਨ੍ਹਾਂ ਦੇ ਨਾਲ ਸਾਂ। ਸਾਰੇ ਇਕ-ਮਨ ਇਕ-ਚਿਤ 'ਵਾਹਿਗੁਰੂ ਵਾਹਿਗੁਰੂ' ਉਚਾਰਨ ਕਰ ਰਹੇ ਸਨ। ਜਿਉਂ ਹੀ ਪਹਿਲਾ ਬੀਮਾਰ ਦ੍ਰਿਸ਼ਟੀ ਪਿਆ, ਉਨ੍ਹਾਂ ਨੇ ਉਹਦੇ ਨਾਲ ਅੱਖਾਂ ਮਿਲਾ ਕੇ ਉਸ ਤੋਂ 'ਵਾਹਿਗੁਰੂ' ਅਖਵਾਇਆ ਤੇ ਆਪਣੇ ਕਰ-ਕਮਲਾਂ ਨਾਲ ਉਸ ਦੇ ਮੂੰਹ ਵਿਚ ਜਲ ਪਾਇਆ ਤੇ ਕਿਹਾ, 'ਸਿੰਘ ਜੀ, ਸਾਵਧਾਨ ਹੋ ਜਾਓ, ਉਠ ਬੈਠੋ।' ਉਹ ਤਤਕਾਲ ਉਠ ਬੈਠਾ ਤੇ ਖੜਾ ਹੋ ਗਿਆ। ਇਸੇ ਤਰ੍ਹਾਂ ਹੀ ਸਾਰਿਆਂ ਨੂੰ ਸਾਵਧਾਨ ਕੀਤਾ।"

ਖ਼ਾਲਸਾ ਕਾਲਜ ਦੀ ਖਹਿ ਮਖਹਿ ਵਾਲੀ ਖਲਜਗਣ ਦੇ ਕਾਰਨ ਭਾਈ ਸਾਹਿਬ ਛੇਤੀ ਹੀ ਉਥੋਂ ਉਪਰਾਮ ਹੋ ਗਏ।

## ਪੰਚ ਖ਼ਾਲਸਾ ਦੀਵਾਨ ਤੇ ਭੁਝੰਗੀ ਸਭਾ ਲੁਧਿਆਣਾ—

੧੯੦੮ ਵਿਚ ਸ੍ਰੀ ਦਮਦਮਾ ਸਾਹਿਬ ਗੁਰਮਤਿ ਵਿਦਿਆ ਵਿਸਥਾਰਨ ਨਮਿਤ ਖ਼ਾਲਸਾ ਦੀਵਾਨ ਦਮਦਮਾ ਸਾਹਿਬ ਦੀ ਨੀਂਹ ਰਖੀ ਅਤੇ ਖ਼ਾਲਸਾ ਹਾਈ ਸਕੂਲ ਕਾਇਮ ਕੀਤਾ। ਫਿਰ ੧੯੦੮-੯ ਵਿਚ ਬਾਬੂ ਤੇਜਾ ਸਿੰਘ ਜੀ ਭਸੌੜ ਦੀ ਪ੍ਰੇਰਨਾ ਨਾਲ ਪੰਚ ਖਾਲਸਾ ਦੀਵਾਨ ਕਾਇਮ ਕੀਤਾ। ਇਥੇ ਪੰਚਖੰਡ ਦੀਵਾਨ ਭਸੌੜ ਸਮਾਗਮ ਵਿਖੇ ਹੀ ਵੀਰ ਭਾਈ ਮਲ ਸਿੰਘ ਜੀ (ਬਾਊ ਜੀ) ਦੇ ਪ੍ਰੇਮ-ਮਿਲਾਪ ਹੋਏ। ਭਸੌੜ ਤੋਂ ਭੀ ਮਤਭੇਦ ਹੋਣ ਕਾਰਨ ਉਪਰਾਮ ਹੋ ਗਏ। ਉਪਰੰਤ ਲੁਧਿਆਣੇ ਦੇ ਸਤਸੰਗ ਮੰਡਲ ਅਤੇ ਖ਼ਾਲਸਾ ਭੁਜੰਗੀ ਸਭਾ (ਖ਼ਾਲਸਾ ਯੰਗ-ਮੈਨ ਲੀਗ ਲੁਧਿਆਣਾ) ਦੇ ਸਮਾਗਮਾਂ ਵਿਚ ਵਿਚਰਦੇ ਰਹੇ।

੧੯੦੯ ਤੋਂ ੧੯੧੪ ਤਕ ਸਤਸੰਗ ਮੰਡਲਾਂ, ਅਖੰਡਪਾਠਾਂ ਅਤੇ ਅਖੰਡ ਕੀਰਤਨਾਂ ਦੇ ਅਨੰਦ-ਰੰਗ ਮਾਣਦਿਆਂ ਮਾਣਦਿਆਂ ਸਮਾਂ ਬੀਤਦਾ ਗਿਆ।

## ਗੁ:ਰਕਾਬਗੰਜ ਦੀ ਕੰਧ ਤੇ ਗ਼ਦਰ ਲਹਿਰ:

੧੯੧੪ ਵਿਚ ਗੁਰਦੁਆਰਾ ਰਕਾਬ ਗੰਜ ਨਵੀਂ ਦਿੱਲੀ ਦੀ ਕੰਧ ਅੰਗਰੇਜ਼ੀ ਸਰਕਾਰ ਵਲੋਂ ਢਾਹੀ ਗਈ। ਇਸ ਨਾਲ ਸਿਖ ਕੌਮ ਵਿਚ ਗ਼ੁੱਸੇ ਦੀ ਲਹਿਰ ਚਲ ਪਈ ਅਤੇ ਇਸ ਸਬੰਧ ਵਿਚ ੩੦ ਮਈ ੧੯੧੪ ਨੂੰ ਲੰਡੇ ਮੰਡੀ ਲਾਹੌਰ ਵਿਖੇ ਇਕ ਭਾਰੀ ਦੀਵਾਨ ਹੋਇਆ, ਜਿਸ ਵਿਚ ਭਾਈ ਸਾਹਿਬ



www.AKJ.Org

ਜੱਥੇ ਸਮੇਤ ਸ਼ਾਮਲ ਹੋਏ।

ਰਕਾਬ ਗੰਜ ਲਹਿਰ ਵਿਚ ਭਾਈ ਸਾਹਿਬ ਨੇ ਜ਼ਬਰਦਸਤ ਪਾਰਟ ਅਦਾ ਕੀਤਾ ਅਤੇ ਸਰਕਾਰ ਨੂੰ ਮਜਬੂਰ ਕਰ ਦਿਤਾ। ਜਿਸ ਦਾ ਸਿੱਟਾ ਇਹ ਨਿਕਲਿਆ ਕਿ ਉਹ ਢਾਹੀ ਹੋਈ ਕੰਧ ਦੁਬਾਰਾ ਸਰਕਾਰ ਅੰਗਰੇਜ਼ੀ ਨੂੰ ਬਣਾਉਣੀ ਪਈ।

ਇਸੇ ਸਮੇਂ ਹੀ ਅਮਰੀਕਾ ਤੇ ਕੈਨੇਡਾ ਵਿਚ ਗ਼ਦਰ ਲਹਿਰ ਸ਼ੁਰੂ ਹੋਈ ਅਤੇ ਬਹੁਤ ਸਾਰੇ ਗ਼ਦਰੀ ਸਜਣ ਗੁਪਤ ਵਸੀਲਿਆਂ ਰਾਹੀਂ ਭਾਰਤ ਵਿਚ ਪਹੁੰਚ ਗਏ ਅਤੇ ਉਨ੍ਹਾਂ ਦਾ ਭਾਈ ਸਾਹਿਬ ਨਾਲ ਮੇਲ ਜੋਲ ਹੋਣ ਲੱਗ ਪਿਆ।

ਇਸੇ ਸਮੇਂ ਕਾਮਾ ਗਾਟਾ ਮਾਰੂ ਜਹਾਜ਼ ਦੀ ਘਟਨਾ ਵਾਪਰੀ ਅਤੇ ਭਾਰਤੀ ਮੁਸਾਫ਼ਰਾਂ ਉਤੇ ਬਜਬਜ ਘਾਟ ਕਲਕੱਤਾ ਵਿਖੇ ਗੋਲੀ ਚਲਾਈ ਗਈ।

ਇਨ੍ਹਾਂ ਸਾਰੀਆਂ ਦੁਖ ਭਰੀਆਂ ਘਟਨਾਵਾਂ ਦੇ ਅਸਰ ਹੇਠ ਭਾਈ ਸਾਹਿਬ ਦੇਸ਼-ਭਗਤੀ ਲਹਿਰ ਵਿਚ ਸ਼ਾਮਲ ਹੋ ਗਏ ਅਤੇ ਗ਼ਦਰੀ ਸਜਣ ਆਪ ਜੀ ਪਾਸ ਖੁਲ੍ਹਮ-ਖੁਲ੍ਹਾ ਆਉਣ ਜਾਣ ਲਗ ਪਏ। ੧੯ ਫ਼ਰਵਰੀ ੧੯੧੫ ਨੂੰ ਗ਼ਦਰ ਕਰਨ ਦੀ ਤਾਰੀਖ਼ ਨੀਯਤ ਕੀਤੀ ਗਈ ਅਤੇ ਭਾਈ ਸਾਹਿਬ ਆਪਣੇ ਜੱਥੇ ਸਮੇਤ ਫ਼ੀਰੋਜ਼ਪੁਰ ਛਾਉਣੀ ਪਹੁੰਚੇ। ਗ਼ਦਰੀ ਸਜਣ ਭੀ ਪੁਜੇ ਹੋਏ ਸਨ। ਪਲਟਣਾਂ ਤੋਂ ਬਗ਼ਾਵਤ ਕਰਾਉਣ ਦਾ ਪਰਬੰਧ ਭੀ ਮੁਕੰਮਲ ਸੀ, ਪਰ ਇਕ ਮੁਖ਼ਬਰ ਕਿਰਪਾਲ ਸਿੰਘ ਨੇ ਸਾਰਾ ਭੇਤ ਦੇ ਦਿਤਾ। ਸਾਰੀ ਸਕੀਮ ਫ਼ੇਲ੍ਹ ਹੋ ਗਈ ਅਤੇ ਦੇਸ਼-ਭਗਤਾਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ।

## *ਗ੍ਰਿਫ਼ਤਾਰੀ ਤੇ ਉਮਰ ਕੈਦ–*

ਭਾਈ ਸਾਹਿਬ ੯ ਮਈ ੧੯੧੫ ਨੂੰ ਨਾਭੇ ਵਿਚ ਨਜ਼ਰਬੰਦ ਕੀਤੇ ਗਏ ਅਤੇ ੧੭ ਜੂਨ ਨੂੰ ਲੁਧਿਆਣੇ ਲਿਆਂਦੇ ਗਏ। ੧੯ ਜੂਨ ਨੂੰ ਆਪਨੂੰ ਗ੍ਰਿਫ਼ਤਾਰ ਕਰਕੇ ੨੫ਜੂਨ ਨੂੰ ਲੁਧਿਆਣੇ ਜੇਲ੍ਹ ਭੇਜ ਦਿਤਾ ਗਿਆ।ਇਨ੍ਹਾਂ ਗਰਮੀ ਦੇ ਦਿਨਾਂ ਵਿਚ ਜੇਲ੍ਹ ਵਿਚ ਬਿਨਾਂ ਜਲ ਛਕਣ ਦੇ ਕਈ ਦਿਨ ਬਿਤਾਏ, ਜਦ ਕਿ ਸਤਵੇਂ ਦਿਨ ਜੇਲ੍ਹ ਅੰਦਰਲੇ ਹਲਟ ਤੋਂ ਆਪਣੇ ਹੱਥੀਂ ਜਲ ਲਿਆਉਣ ਦੀ ਆਗਿਆ ਮਿਲੀ ਗਈ। ਪਰ ਭੁੱਖ ਹੜਤਾਲ ੧੫ ਦਿਨ ਰਹੀ, ਤਾਂ ਕਿਤੇ ਜਾ ਕੇ ਘਰੋਂ ਪਰਸ਼ਾਦਾ ਮੰਗਾ ਕੇ ਛਕਣ ਦੀ ਆਗਿਆ ਮਿਲੀ। ੨੭ ਅਕਤੂਬਰ ੧੯੧੫ ਨੂੰ ਸੈਂਟਰਲ ਜੇਲ੍ਹ ਲਾਹੌਰ ਵਿਚ ਸਾਰੇ ਫੜੇ ਗਏ ਸਾਥੀ ਸਿੰਘਾਂ ਸਮੇਤ ਭੇਜ ਦਿਤੇ ਗਏ। ਇਸ ਜੇਲ੍ਹ ਵਿਚ ਤਿੰਨ ਦਿਨ ਬਿਨਾਂ ਜਲ ਦੇ ਅਤੇ ੧੫ ਦਿਨ ਬਿਨਾਂ ਕੁਝ ਛਕਣ ਦੇ ਬੀਤੇ। ੧੫ ਦਿਨਾਂ ਪਿਛੋਂ ਗਵਰਨਰ ਨੇ ਕੇਵਲ ਫਲ ਹੀ ਘਰੋਂ ਮੰਗਵਾ ਕੇ ਛਕਣ ਦੀ ਆਗਿਆ ਦਿਤੀ।

੩੦ ਮਾਰਚ ੧੯੧੬ ਨੂੰ ਇਸ ਦੂਸਰੇ ਸਾਜ਼ਸ਼ ਕੇਸ ਲਾਹੌਰ ਅਨੁਸਾਰ ਆਪ ਨੂੰ ਉਮਰ ਕੈਦ ਦੀ ਸਜ਼ਾ ਹੋਈ ਅਤੇ ਜਾਇਦਾਦ ਜ਼ਬਤ ਕੀਤੀ ਗਈ। ਸਿੰਘਾਂ ਨੂੰ ਸਜ਼ਾ ਸੁਣਾਉਣ ਪਿਛੋਂ ਜੇਲ੍ਹ ਦੀ ਵਰਦੀ ਪੁਆਈ ਗਈ; ਜਿਸ ਵਿਚ ਦਸਤਾਰਿਆਂ ਦੀ ਥਾਂ ਟੋਪੀਆਂ ਸਨ। ਸਿੰਘਾਂ ਨੇ ਟੋਪੀਆਂ ਨਾ ਪਾਈਆਂ ਅਤੇ ਨੰਗੇ ਸਿਰ ਹੀ ਰਹੇ।

## *ਮੁਲਤਾਨ ਜੇਲ੍ਹ ਵਿਚ–*

੪ ਅਪ੍ਰੈਲ ੧੯੧੬ ਨੂੰ ਸਾਰੇ ਸਿੰਘਾਂ ਸਮੇਤ ਆਪ ਨੂੰ ਮੁਲਤਾਨ ਜੇਲ੍ਹ ਵਿਚ ਭੇਜ ਦਿਤਾ ਗਿਆ। ਇਥੋਂ ਦਾ ਦਰੋਗਾ ਸਦਾ ਨੰਦ ਬਹੁਤ ਅਵੈੜਾ ਬੰਦਾ ਸੀ। ਉਸ ਨੇ ਸਿੰਘਾਂ ਤੇ ਬਹੁਤ ਸਖ਼ਤੀ ਕੀਤੀ। ਭਾਈ ਸਾਹਿਬ ਨੂੰ ੪ ਅਪ੍ਰੈਲ ਤੋਂ ੧੩ ਮਈ ਤਕ ੪੦ ਦਿਨ ਬਿਨਾਂ ਅੰਨ ਜਲ ਦੇ ਭੁਖ ਹੜਤਾਲ ਰਖਣੀ ਪਈ। ਮੁਲਤਾਨ ਦੀ ਗਰਮੀ ਮਸ਼ਹੂਰ ਹੈ।ਪਾਣੀ ਅਤੇ ਪਰਸ਼ਾਦੇ ਦਾ ਪਰਬੰਧ ਕੋਈ ਨਾ, ਉਪਰੋਂ ਸਖ਼ਤ ਮੁਸ਼ੱਕਤਾਂ ਅਤੇ ਸਜ਼ਾਵਾਂ ਦੇ ਹੁਕਮ ਜਾਰੀ ਕਰ ਦਿਤੇ ਗਏ। ਅਜਿਹੀ ਹਾਲਤ ਵਿਚ ਖੜੇ ਡੰਡੇ ਬੇੜੀਆਂ ਤੇ ਟਾਟ ਵਰਦੀ ਦੀ ਸਜ਼ਾ, ਧੁੱਪੇ ਖੜੇ ਕਰਨ ਦੀ ਸਜ਼ਾ, ਉਪਰੋਂ ਚਾਲੀ ਦਿਨਾਂ ਦਾ ਕੜਾਕਾ ਲੱਗਾ ਹੋਇਆ, ਪਈਆਂ ਨਕਸੀਰਾਂ ਫੁਟਣ ਤੇ ਲਹੂ ਦੀਆਂ ਤਤੀਰੀਆਂ ਵਗਣ। ਦਿਨਾਂ ਵਿਚ ਹੀ ਵਜ਼ਨ ਘਟ ਕੇ ੯੬ ਪੌਂਡ ਰਹਿ ਗਿਆ। ਸਰੀਰ ਬਹੁਤ ਨਿਰਬਲ ਹੋ ਗਿਆ, ਪਰ ਸੁਰਤੀ ਬਿਰਤੀ ਵਿਚ ਕੋਈ ਫ਼ਰਕ ਨਾ ਪਿਆ ਅਤੇ ਭਾਣਿਆਂ ਵਿਚ ਚੜ੍ਹਦੀ ਕਲਾ ਅਤੇ ਦੁਖ ਸੁਖ ਮਨਾਉਣ ਦੇ



www.AKJ.Org

ਸ਼ੁਕਰਾਨੇ ਬਣੇ ਰਹੇ। ਇਥੋਂ ਦਾ ਮੈਡੀਕਲ ਅਫ਼ਸਰ ਕਾਫ਼ੀ ਭਲਾ ਲੋਕ ਸੀ। ਜੇਲ੍ਹ ਅਫ਼ਸਰਾਂ ਵਲੋਂ ੪੦ ਦਿਨਾਂ ਦੇ ਸਖ਼ਤ ਕਸ਼ਟ ਤਸੀਹੇ ਦਿਤੇ ਜਾਣ ਪਿਛੋਂ ਮੈਡੀਕਲ ਅਫ਼ਸਰ ਨੇ ਆਪਣੇ ਅਧਿਕਾਰ ਨਾਲ ਭਾਈ ਸਾਹਿਬ ਨੂੰ ਫਲ ਲਿਆ ਕੇ ਛਕਾਏ। ਉਪਰੰਤ ਮੁਲਤਾਨ ਜੇਲ੍ਹ ਵਿਚ ਡੇਢ ਸਾਲ ਭਿਜੇ ਹੋਏ ਜਾਂ ਕਚੇ ਭੁੰਨੇ ਛੋਲਿਆਂ ਤੇ ਗੁਜ਼ਾਰਾ ਕਰਨਾ ਪਿਆ। ਮੁਲਤਾਨ ਜੇਲ੍ਹ ਸਮੇਂ ਭਾਈ ਸਾਹਿਬ ਬਾਰੇ ਪੰਥ ਵਿਚ ਇਹ ਅਫਵਾਹ ਫੈਲ ਗਈ ਸੀ ਕਿ ਜੇਲ੍ਹ ਵਾਲਿਆਂ ਨੇ ਭਾਈ ਸਾਹਿਬ ਨੂੰ ਭੁੱਖਿਆਂ ਰਖ ਕੇ ਮਾਰ ਦਿਤਾ ਹੈ ਅਤੇ ਭਾਈ ਸਾਹਿਬ ਨੂੰ ਦਿਤੇ ਤਸੀਹਿਆਂ ਦੇ ਬੜੇ ਦਰਦਨਾਕ ਹਾਲਾਤ ਅਖ਼ਬਾਰਾਂ ਵਿਚ ਛਪਦੇ ਰਹੇ। ਜਿਸ ਕਰਕੇ ਮੁਲਤਾਨ ਜੇਲ੍ਹ ਦੇ ਕਰਮਚਾਰੀਆਂ ਦੀ ਬੜੀ ਬਦਨਾਮੀ ਹੋਈ ਅਤੇ ਸੁਪ੍ਰੰਟੈਂਡੈਂਟ ਆਦਿ ਕਈ ਅਫ਼ਸਰ ਤਬਦੀਲ ਕੀਤੇ ਗਏ।

## ਹਜ਼ਾਰੀ ਬਾਗ਼ ਜੇਲ੍ਹ (ਬਿਹਾਰ) ਵਿਚ–

ਜੁਲਾਈ ੧੯੧੭ ਵਿਚ ਆਪ ਨੂੰ ਹੋਰ ਸਾਥੀ ਸਿੰਘਾਂ ਸਮੇਤ ਮੁਲਤਾਨ ਤੋਂ ਹਜ਼ਾਰੀ ਬਾਗ਼ ਜੇਲ੍ਹ ਭੇਜ ਦਿਤਾ ਗਿਆ। ਇਥੇ ਆਪ ਸਵਾ ਚਾਰ ਸਾਲ ਦੇ ਕਰੀਬ ਰਹੇ। ਇਥੇ ਵੀ ਕਈ ਭੁਖ ਹੜਤਾਲਾਂ ਕਰਨੀਆਂ ਪਈਆਂ ਅਤੇ ਕਈ ਟੰਟੇ ਪੇਸ਼ ਆਏ, ਜਿਹਾ ਕਿ ੧੮ ਸਿੰਘਾਂ ਦਾ ਜੇਲ੍ਹ ਤੋੜ ਕੇ ਭਜ ਜਾਣਾ ਤੇ ਫਿਰ ਫੜੇ ਜਾਣਾ ਅਤੇ ਵਧ ਤੋਂ ਵਧ ਸਖ਼ਤੀਆਂ ਦਾ ਦੌਰ ਸ਼ੁਰੂ ਹੋ ਜਾਣਾ।

## ਰਾਜ ਮੰਦਰੀ ਜੇਲ੍ਹ (ਮਦਰਾਸ) ਵਿਚ–

ਅਕਤੂਬਰ ੧੯੨੧ ਵਿਚ ਆਪ ਜੀ ਹੋਰਾਂ ਦਾ ਰਾਜ ਮੰਦਰੀ ਜੇਲ੍ਹ ਵਿਚ ਚਲਾਨ ਹੋ ਗਿਆ। ਇਥੋਂ ਦੇ ਅਫ਼ਸਰ ਚੰਗੇ ਹੀ ਸਨ ਅਤੇ ਉਹਨਾਂ ਨੇ ਸਿੰਘਾਂ ਨਾਲ ਚੰਗਾ ਵਰਤਾਉ ਕੀਤਾ ਅਤੇ ਆਉਂਦਿਆਂ ਹੀ ਕੁਝ ਦਿਨਾਂ ਬਾਅਦ ਪਰਸ਼ਾਦੇ ਹੱਥੀਂ ਸਜਾਉਣ ਦੇ ਅਧਿਕਾਰ ਮਿਲ ਗਏ। ਇਸੇ ਜੇਲ੍ਹ ਵਿਚ ਹੀ "ਗੁਰਮਤਿ 'ਬਿਬੇਕ" ਪੁਸਤਕ ਦਾ ਖਰੜਾ ਤਿਆਰ ਹੋਇਆ। ਰਾਜ ਮੰਦਰੀ ਜੇਲ੍ਹ ਵਿਚ ੧੧ ਜਨਵਰੀ ੧੯੨੨ ਨੂੰ ਭਾਈ ਤੇਜਾ ਸਿੰਘ ਜੀ ਚੂਹੜਕਾਣਾ ਤੇ ਸ: ਅਮਰ ਸਿੰਘ ਜੀ ਸਿਖ ਲੀਗ ਵਲੋਂ ਭੇਜੇ ਹੋਏ ਮੁਲਾਕਾਤ ਕਰਨ ਆਏ ਸਨ।

## ਨਾਗਪੁਰ ਜੇਲ੍ਹ ਵਿਚ–

ਰਾਜ ਮੰਦਰੀ ਤੋਂ ੧ ਦਸੰਬਰ ੧੯੨੨ ਨੂੰ ਨਾਗਪੁਰ ਜੇਲ੍ਹ ਵਲ ਚਲਾਨ ਹੋ ਗਿਆ। ਇਥੇ ਬਾਮਣੋਂ ਵਿਗੜ ਕੇ ਈਸਾਈ ਬਣਿਆ ਨੀਲ ਕੰਠ ਜਟਾਰ ਨਾਮੇਂ ਸੁਪ੍ਰੰਟੈਂਡੈਂਟ ਜੇਲ੍ਹਰ ਸੀ, ਜਿਹੜਾ ਕਿ ਬੜਾ ਬਦ-ਦਿਮਾਗ ਤੇ ਹੈਂਕੜਬਾਜ਼ ਸੀ। ਮੈਡੀਕਲ ਅਫ਼ਸਰ ਵੀ ਇਹ ਆਪ ਹੀ ਸੀ। ਪੂਰਬਲੇ ਕਰਮ-ਚਕਰਾਂ ਕਾਰਨ ਲਤੋਂ ਲੰਗੜਾ ਵੀ ਸੀ, ਜਿਸ ਬਾਰੇ ਅਸਚਰਜ ਕਹਾਣੀ 'ਜੇਲ੍ਹ-ਚਿੱਠੀਆਂ' ਵਿਚ ਦਰਜ ਹੈ।

ਇਸ ਸੁਪ੍ਰੰਟੈਂਡੈਂਟ ਨੇ ਆਉਂਦਿਆਂ ਹੀ ਹੁਕਮ ਚਾੜ੍ਹਿਆ ਕਿ ਮੇਰੇ ਆਉਣ ਤੇ ਤੁਸੀਂ ਸਾਰੇ ਮੰਗ-ਤਿਆਂ ਵਾਂਗ ਹੱਥ ਅੱਡ ਕੇ ਉਤਾਂਹ ਨੂੰ ਮੂੰਹ ਕਰ ਕੇ ਮੇਰੀ ਸਲਾਮੀ ਦਿਆ ਕਰੋ। ਪਰ ਸਿੰਘਾਂ ਨੇ ਇਹ ਹੁਕਮ ਪਰਵਾਨ ਨਾ ਕੀਤਾ। ਇਸ ਪੁਰ ਉਸ ਨੇ ਸਖ਼ਤ ਸਜ਼ਾਵਾਂ ਦੇ ਹੁਕਮ ਚਾੜ੍ਹੇ ਅਤੇ ਹੱਥੀਂ ਪਰਸ਼ਾਦਾ ਸਜਾਉਣ ਦਾ ਹੁਕਮ ਖੋਹ ਲਿਆ। ਕੁਝ ਦਿਨਾਂ ਦੀ ਭੁੱਖ ਹੜਤਾਲ ਪਿਛੋਂ ਹੋਰ ਹੋਰ ਕਸ਼ਟ ਦੇਣ ਲਈ ਬਿਗ ਨਾਮੀ ਇਕ ਗੋਰੇ ਨੂੰ ਖੁਲ੍ਹੇ ਅਧਿਕਾਰ ਦੇ ਕੇ ਭਾਈ ਸਾਹਿਬ ਉਤੇ ਨੀਯਤ ਕਰ ਦਿਤਾ ਗਿਆ। ਉਸ ਨੇ ਬਹੁਤ ਕਸ਼ਟ ਦਿਤੇ: ਹੱਥੋ-ਪਾਈ, ਗਾਲ੍ਹਾਂ, ਜ਼ਬਰਦਸਤੀ ਅਨੀਮਾ ਅਤੇ ਅੰਤ ਸੁਪ੍ਰੰਟੈਂਡੈਂਟ ਦੇ ਹੁਕਮ ਨਾਲ ਫ਼ੋਰਸ ਫ਼ੀਡਿੰਗ (ਜ਼ਬਰਦਸਤੀ ਖ਼ੁਰਾਕ ਅੰਦਰ ਘਲਣੀ) ਕੀਤੀ ਗਈ, ਦੰਦ ਤੋੜੇ ਗਏ, ਗ਼ਸ਼ੀਆਂ ਪੈਂਦੀਆਂ ਰਹੀਆਂ, ਸੀਸ ਫ਼ਰਸ਼ ਨਾਲ ਪਟਕਾ ਪਟਕਾ ਮਾਰਿਆ ਗਿਆ, ਦਾੜ੍ਹੇ ਤੇ ਸੀਸ ਦੇ ਕੇਸ ਪੁਟੇ ਗਏ। ਇਥੋਂ ਦੇ ਤਸੀਹੇ ਮੁਲਤਾਨ ਜੇਲ੍ਹ ਦੇ ਕਸ਼ਟਾਂ ਨੂੰ ਵੀ ਮਾਤ ਪਾ ਗਏ।

ਜਦ ਇਹ ਦੁਖ ਭਰੀਆਂ ਸੋਆਂ ਬਾਹਰ ਪੰਥ ਵਿਚ ਪੁਜੀਆਂ ਤਾਂ ਹਾਹਾਕਾਰ ਮਚ ਗਈ ਅਤੇ ੧ ਫ਼ਰਵਰੀ ੧੯੨੩ ਦਾ ਦਿਨ ਪੰਥ ਵਲੋਂ "ਅਰਦਾਸ ਦਿਵਸ" ਨੀਯਤ ਕੀਤਾ ਗਿਆ, ਜਿਸ ਨਾਲ ਭਾਈ ਸਾਹਿਬ ਨੂੰ ਬੜੀ ਚੜ੍ਹਦੀ ਕਲਾ ਅਤੇ ਖੇੜਾ ਪ੍ਰਾਪਤ



www.AKJ.Org

ਹੋਇਆ।

ਭਾਈ ਸਾਹਿਬ ਇਸ ਨਾਗਪੁਰ ਜੇਲ੍ਹ ਵਿਚ ਸਾਢੇ ਸਤ ਕੁ ਸਾਲ ਰਹੇ। ਇਸ ਸਮੇਂ ਦੇ ਬੇਅੰਤ ਦਿਲ ਹਿਲਾ ਦੇਣ ਵਾਲੇ ਬ੍ਰਿਤਾਂਤ ਹਨ, ਜੋ ਜੇਲ੍ਹ ਚਿੱਠੀਆਂ ਵਿਚ ਦੇਖੇ ਜਾ ਸਕਦੇ ਹਨ। ਆਖਰੀ ਸਾਲ ਅਪ੍ਰੈਲ ੧੯੩੦ ਵਿਚ ਇੰਗਲੈਂਡ ਤੋਂ ਇਕ ਵਡਾ ਪਾਦਰੀ ਫ਼ਾਦਰ ਐਲਵਿਨ ਨਾਮੇ ਜੇਲ੍ਹਾਂ ਦੇ ਹਾਲਾਤ ਦੇਖਦਾ ਇਥੇ ਆਇਆ। ਉਸ ਦੀ ਭਾਈ ਸਾਹਿਬ ਨਾਲ ਲੰਬੀ ਚੌੜੀ ਵਾਰਤਾਲਾਪ ਹੋਈ, ਜੋ ਇਸੇ ਪਰਚੇ ਵਿਚ ਵੱਖਰੀ ਦਿਤੀ ਜਾ ਰਹੀ ਹੈ। ਇਸ ਮੁਲਾਕਾਤ ਦਾ ਬਹੁਤ ਚੰਗਾ ਨਤੀਜਾ ਨਿਕਲਿਆ।

## ਸੈਂਟਰਲ ਜੇਲ੍ਹ ਲਾਹੌਰ, ਸ਼ਹੀਦ ਭਗਤ ਸਿੰਘ ਨਾਲ ਮੁਲਾਕਤ ਤੇ ਰਿਹਾਈ–

੧੯੩੦ ਦਾ ਇਹ ਸਾਲ ਭਾਈ ਸਾਹਿਬ ਦੀ ਜੇਲ੍ਹ-ਯਾਤਰਾ ਦਾ ਆਖ਼ਰੀ ਸਾਲ ਸੀ। ੧੫ ਮਈ ੧੯੩੦ ਨੂੰ ਆਪ ਦੇ ਨਾਗਪੁਰ ਤੋਂ ਲਾਹੌਰ ਸੈਂਟਰਲ ਜੇਲ੍ਹ ਲਈ ਚਾਲੇ ਪਏ। ਇਥੇ ਆਪ ਪੰਜ ਕੁ ਮਹੀਨੇ ਰਹੇ। ਇਥੋਂ ਦੇ ਜੇਲ੍ਹ ਕਰਮਚਾਰੀ ਭਾਈ ਸਾਹਿਬ ਦਾ ਬਹੁਤ ਸਤਿਕਾਰ ਤੇ ਚੰਗਾ ਸਲੂਕ ਕਰਦੇ ਸਨ। ਅਖ਼ੀਰ ੪ ਅਕਤੂਬਰ ੧੯੩੦ ਨੂੰ ਆਪ ਦੀ ਰਿਹਾਈ ਦੇ ਹੁਕਮ ਆ ਗਏ। ਰਿਹਾਈ ਵਾਲੇ ਦਿਨ ਇਕ ਖ਼ਾਸ ਵਰਣਨ ਯੋਗ ਵਾਰਤਾ ਭਗਤ ਸਿੰਘ ਸ਼ਹੀਦ ਦੇ ਨਾਲ ਮੁਲਾਕਾਤ ਹੈ। ਉਹ ਕਾਫ਼ੀ ਸਮੇਂ ਤੋਂ ਭਾਈ ਸਾਹਿਬ ਦੇ ਦਰਸ਼ਨਾਂ ਨੂੰ ਲੋਚ ਰਿਹਾ ਸੀ। ਮੁਲਾਕਾਤ ਪਸਚਾਤ ਉਸ ਦੀ ਨਾਸਤਕਤਾ ਕਿਵੇਂ ਆਸਤਕਤਾ ਵਿਚ ਬਦਲੀ ਅਤੇ ਮੁੜ ਕੇ ਕੇਸ ਧਾਰਨ ਕੀਤੇ, ਇਹ ਸਾਰਾ ਬ੍ਰਿਤਾਂਤ ਅਪ੍ਰੈਲ ੧੯੭੭ ਦੇ ਪਰਚੇ ਵਿਚ ਦਿਤਾ ਜਾ ਚੁਕਾ ਹੈ।

ਜੇਲ੍ਹ ਵਾਲਿਆਂ ਸ਼ਹੀਦ ਭਗਤ ਸਿੰਘ ਦੀ ਮੁਲਾਕਾਤ ਗਿਣੇ ਮਿਥੇ ਪ੍ਰੋਗਰਾਮ ਅਨੁਸਾਰ ਦੇਰ ਨਾਲ ਕਰਾਈ ਅਤੇ ਘੁਸਮੁਸੇ ਹਨੇਰੇ ਜਿਹੇ ਵਿਚ ਜੇਲ੍ਹੋਂ ਵਿਦਾ ਕਰ ਦਿਤਾ।

## ਚਿਰੀ ਵਿਛੁੰਨਿਆਂ ਦੇ ਮੇਲੇ–

ਅਗਲੇ ਦਿਨ ਆਪ ਜੀ ਦੇ ਘਰ ਪਹੁੰਚਣ ਦਾ ਬ੍ਰਿਤਾਂਤ ਡਾਢਾ ਹੀ ਬੈਰਾਗ-ਮਈ ਹੈ। ਸੋਲ੍ਹਾਂ ਸਾਲਾਂ ਦੇ ਲੰਬੇ ਵਿਛੋੜਿਆਂ ਪਿਛੋਂ ਮਿਲਾਪ ਸਮੇਂ ਜੋ ਖੁਸ਼ੀਆਂ ਪਰਵਾਰ, ਨਗਰ ਨਿਵਾਸੀਆਂ ਤੇ ਸਤਸੰਗੀਆਂ ਨੂੰ ਹੋਈਆਂ, ਉਹ ਅਕਥਨੀਯ ਹਨ।

ਕੀਰਤਨ-ਮੰਡਲਾਂ ਦੇ ਅਖਾੜੇ ਫਿਰ ਸਜਣੇ ਅਰੰਭ ਹੋ ਗਏ। ਦਰਸ਼ਨ-ਮੇਲੀਆਂ ਦੇ ਟੋਲਿਆਂ ਦਾ ਤਾਂਤਾ ਕਈ ਮਹੀਨੇ ਬਝਾ ਰਿਹਾ। ਦਰਸ਼ਨ-ਅਭਿਲਾਖੀ ਜੀਅੜੇ ਜੋਟੀਆਂ ਵਿਚ ਸ਼ਬਦ ਪੜ੍ਹਦੇ ਆਉਂਦੇ ਅਤੇ ਚਿਰੀ ਵਿਛੁੰਨਿਆਂ ਦੇ ਹੰਝੂ ਵਹਿੰਦੇ, ਛਹਿਬਰਾਂ ਲਾਉਂਦੇ, ਗੁਰਬਾਣੀ ਦੀਆਂ ਵੈਰਾਗੀ ਧੁਨਾਂ ਗੁੰਜਾਉਂਦੇ ਇਕ ਅਜਬ ਨਜ਼ਾਰਾ ਬਝਦਾ ਸੀ।

## ਮਾਨ-ਪੱਤਰ, ਸਿਰੋਪਾਓ ਤੇ ਹੁਕਮਨਾਮੇ ਦੀ ਬਖ਼ਸ਼ਸ਼–

ਉਪਰੰਤ ਆਪ ਗੁਰ-ਅਸਥਾਨਾਂ ਦੀ ਯਾਤਰਾ ਲਈ ਜਿਥੇ ਜਿਥੇ ਭੀ ਗਏ, ਉਥੋਂ ਉਥੋਂ ਆਪ ਨੂੰ ਸਿਰੋਪਾਓ ਤੇ ਮਾਨ-ਪੱਤਰਾਂ ਦੁਆਰਾ ਸਨਮਾਨਿਆ ਗਿਆ। ਪੰਥ ਨੇ ਉਚੇਚਾ ਸ੍ਰੀ ਅਕਾਲ ਤਖ਼ਤ ਸਾਹਿਬ ਇਕੱਠ ਕੀਤਾ ਅਤੇ ਆਪ ਜੀ ਨੂੰ ਤਖ਼ਤ ਸਾਹਿਬ ਵਲੋਂ ਹੁਕਮਨਾਮੇ ਦੀ ਬਖ਼ਸ਼ਸ਼ ਹੋਈ। ਸਿਰੋਪਾਵਾਂ ਤੇ ਮਾਨ-ਪੱਤਰਾਂ ਦਾ ਵੇਰਵਾ ਵੀ ਕਾਫ਼ੀ ਲੰਮਾ ਚੌੜਾ ਹੈ।

## ਜੇਲ੍ਹ-ਯਾਤਰਾ ਪਿਛੋਂ–

ਬਾਕੀ ਸਾਰੀ ਆਯੂ ਭਾਈ ਸਾਹਿਬ ਜੀ ਦਾਂ ਸਤਸੰਗ ਤੇ ਕੀਰਤਨ-ਮੰਡਲਾਂ ਵਿਚ ਹੀ ਵਿਹਾਈ। ਗਰਮੀਆਂ ਵਿਚ ਆਪ ਜੀ ਆਮ ਕਰਕੇ ਕਸ਼ਮੀਰ ਜਾਂ ਕੁਮਾਰ ਹੱਟੀ (ਸ਼ਿਮਲਾ ਹਿਲਜ਼) ਵਿਖੇ ਡੇਰਾ ਰਖਦੇ ਸਨ। ਸਰਦੀਆਂ ਵਿਚ ਵਖ ਵਖ ਥਾਵਾਂ ਤੇ ਵਿਚਰ ਕੇ ਅਖੰਡ ਕੀਰਤਨਾਂ ਦੇ ਲਾਹੇ ਲੈਂਦੇ ਸਨ। ਪੋਹ ਸੁਦੀ ਸਪਤਮੀ ਦਾ ਸਮਾਗਮ ਆਪਣੇ ਗ੍ਰਹਿ ਨਾਰੰਗਵਾਲ ਵਿਖੇ ਹੀ ਕਰਦੇ ਹੁੰਦੇ ਹਨ। ਇਥੇ ਦੂਰੋਂ ਦੂਰੋਂ ਬੇਅੰਤ ਸੰਗਤਾਂ ਆ ਜੁੜਦੀਆਂ ਸਨ। ਇਸ ਸਮਾਗਮ ਵਿਚ ਬੜੇ ਅਲੌਕਿਕ ਰੰਗ ਵਰਤਦੇ ਸਨ ਅਤੇ ਬੇਅੰਤ ਰੂਹਾਂ ਅੰਮ੍ਰਿਤ ਛਕ ਕੇ ਸਿੱਖੀ ਦਾਤ ਪ੍ਰਾਪਤ ਕਰਦੀਆਂ ਸਨ। ਇਸ ਤਰ੍ਹਾਂ ਆਪ ਜੀ ਦੇ ਸਤਸੰਗੀ-ਪ੍ਰੇਮੀਆਂ ਦਾ

(ਬਾਕੀ ਦੇਖੋ ਸਫ਼ਾ ੨੩, ਦੂਜੇ ਕਾਲਮ ਹੇਠ)



www.AKJ.Org

# ਇਕ ਅਚਰਜ ਘਟਨਾ

[ਵਲੋਂ :– ਪ੍ਰੋਫੈਸਰ ਸਾਹਿਬ ਸਿੰਘ ਜੀ ਡੀ. ਲਿਟ.]

ਪ੍ਰੋ: ਸਾਹਿਬ ਸਿੰਘ ਜੀ ਨੇ ਪੁਸਤਕ "ਮੇਰੀ ਜੀਵਨ ਕਹਾਣੀ" ਵਿਚ ਸ਼੍ਰੋਮਣੀ ਕਮੇਟੀ ਦੀ ਸਕੱਤ੍ਰੀ ਵੇਲੇ ਦੀ ਇਕ ਘਟਨਾ ਲਿਖੀ ਹੈ, ਜੋ ਹੇਠਾਂ ਦਿਤੀ ਜਾਂਦੀ ਹੈ। —ਸੰਪਾਦਕ

ਸਰਦਾਰ ਸੁੰਦਰ ਸਿੰਘ ਜੀ ਰਾਮਗੜ੍ਹੀਆ ਸਰਬਰਾਹ ਤੇ ਮੈਂ, ਅਸੀਂ ਦੋਵੇਂ ਤਰਨ ਤਾਰਨ ਨੂੰ ਟਾਂਗੇ ਵਿਚ ਜਾ ਰਹੇ ਸਾਂ। ਉਹਨਾਂ ਤੋਂ ਮੈਂ ਸ੍ਰੀ ਤਰਨ ਤਾਰਨ ਸਾਹਿਬ ਦੇ ਗੁਰਦੁਆਰੇ ਦੇ ਤੋਸ਼ੇਖਾਨੇ ਦਾ ਚਾਰਜ ਲੈਣਾ ਸੀ। ਰਸਤੇ ਵਿਚ ਉਹਨਾਂ ਮੈਨੂੰ ਇਕ ਅਚਰਜ ਵਾਰਤਾ ਸੁਣਾਈ, ਜਿਸ ਨੂੰ ਸੁਣ ਕੇ ਮੇਰੇ ਤਾਂ ਹੈਰਾਨੀ ਨਾਲ ਦੰਦ ਜੁੜ ਗਏ। ਕਹਿਣ ਲਗੇ, ਇਹ ਵਾਰਤਾ ਮੈਂ ਆਪਣੇ ਤੋਂ ਪਹਿਲੇ ਸਰਬਰਾਹ ਪਾਸੋਂ ਸੁਣੀ ਸੀ।

ਵਾਰਤਾ ਇਉਂ ਸੀ ਕਿ ਅੰਗਰੇਜ਼ਾਂ ਨੇ ਸਿੰਘਾਂ ਦੀ ਬਹਾਦਰੀ ਦੀਆਂ ਅਨੇਕਾਂ ਗੱਲਾਂ ਸੁਣੀਆਂ ਹੋਈਆਂ ਸਨ ਤੇ ਉਹਨਾਂ ਇਹ ਭੀ ਸੁਣਿਆ ਸੀ ਕਿ ਇਹ ਜੋਸ਼ ਤੇ ਕੁਰਬਾਨੀ ਦਾ ਜਜ਼ਬਾ ਇਹਨਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਮਿਲਦਾ ਹੈ। ਅੰਗਰੇਜ਼ਾਂ ਨੇ ਸਦਾ ਲਈ ਸਿੱਖਾਂ ਵਲੋਂ ਖ਼ਤਰਾ ਮੁਕਾਉਣ ਵਾਸਤੇ ਇਹ ਫ਼ੈਸਲਾ ਕੀਤਾ ਕਿ ਸ੍ਰੀ ਹਰਿਮੰਦਰ ਸਾਹਿਬ ਤੇ ਸਰੋਵਰ ਆਦਿਕ ਵਾਲਾ ਸਾਰਾ ਹੀ ਥਾਂ ਨੀਲਾਮ ਕਰ ਕੇ ਇਸ ਦਾ ਨਾਮ-ਨਿਸ਼ਾਨ ਹੀ ਮਿਟਾ ਦਿੱਤਾ ਜਾਏ।

੩੦ ਅਪ੍ਰੈਲ ਸੰਨ ੧੮੭੭ ਦਾ ਦਿਨ ਇਸ ਕੰਮ ਲਈ ਨਿਯਤ ਹੋਇਆ। ਸਾਰੇ ਅੰਗਰੇਜ਼ ਤੇ ਹੋਰ ਅਫ਼ਸਰ ਸ੍ਰੀ ਹਰਿਮੰਦਰ ਸਾਹਿਬ ਵਿਚ ਆਏ ਬੈਠੇ ਸਨ। ਪੁਜਾਰੀ ਵਿਚਾਰੇ ਆਪਣੇ ਗੁਰੂ ਪਾਤਸ਼ਾਹ ਦੇ ਦਰ ਉੱਤੇ ਅਰਦਾਸਾ ਕਰਨ ਤੋਂ ਬਿਨਾਂ ਹੋਰ ਕੀ ਕਰਨ ਜੋਗੇ ਸਨ ? ਤਦੋਂ ਜੋ ਅਚਰਜ ਘਟਨਾ ਵਰਤੀ, ਉਸ ਦਾ ਜ਼ਿਕਰ ਦਰਸ਼ਨੀ ਡਿਉੜੀ (ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਜੀ) ਦੇ ਸਾਹਮਣੇ ਇਉਂ ਲਿਖਿਆ ਹੋਇਆ ਹੈ—

## *ਸ੍ਰੀ ਹਰਿਮੰਦਰ ਸਾਹਿਬ ਜੀ ਵਿਚ ਕੁਦਰਤੀ ਚਮਤਕਾਰ—*

"ਸਭਨਾਂ ਦੀ ਗਿਆਤ ਲਈ ਦਸਿਆ ਜਾਂਦਾ ਹੈ ਕਿ ੩੦ ਅਪ੍ਰੈਲ ੧੮੭੭ ਨੂੰ ਸਵੇਰੇ ੪-੩੦ ਵਜੇ ਇਕ ਅਜਬ ਖੇਲ ਵਰਤਿਆ। ਕੋਈ ਚਾਰ ਕੁ ਸੌ ਪ੍ਰੇਮੀ ਸ੍ਰੀ ਹਰਿਮੰਦਰ ਸਾਹਿਬ ਜੀ ਵਿਚ ਕੀਰਤਨ ਦਾ ਅਨੰਦ ਲੈ ਰਹੇ ਸਨ, ਜਦ ਕਿ ਅਚਨਚੇਤ ਹੀ ਬਿਜਲੀ ਦੀ ਲਿਸ਼ਕ ਦਿਸੀ।

ਉਹ ਇਕ ਵੱਡੀ ਰੋਸ਼ਨੀ ਦੀ ਸ਼ਕਲ ਵਿਚ ਪਹਾੜ ਦੀ ਬਾਹੀ ਦੇ ਦਰਵਾਜ਼ੇ ਵਿਚੋਂ ਆਈ। ਠੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਹਮਣੇ ਗੋਲਾ ਜਿਹਾ ਬਣ ਕੇ ਫਟੀ ਅਤੇ ਚਾਨਣ ਹੀ ਚਾਨਣ ਕਰ ਕੇ ਦਖਣ ਦਰਵਾਜ਼ੇ ਥਾਣੀਂ ਇਕ ਰੋਸ਼ਨੀ ਦੀ ਲੀਕ ਹੋ ਨਿਕਲ ਗਈ।

ਭਾਵੇਂ ਇਸ ਦੇ ਫਟਣ ਸਮੇਂ ਬੜੀ ਭਿਆਨਕ ਤੇ ਜ਼ੋਰ ਦੀ ਅਵਾਜ਼ ਆਈ, ਪਰ ਅੰਦਰ ਬੈਠੇ ਕਿਸੇ ਪ੍ਰੇਮੀ, ਇਮਾਰਤ ਜਾਂ ਚੀਜ਼ ਨੂੰ ਕਿਸੇ ਪ੍ਰਕਾਰ ਦਾ ਕੋਈ ਨੁਕਸਾਨ ਨਾ ਪੁੱਜਾ।

ਇਸ ਅਲੌਕਿਕ ਦ੍ਰਿਸ਼ ਨੂੰ ਸਭ ਲੋਕੀਂ ਸ੍ਰੀ ਗੁਰੂ ਰਾਮਦਾਸ ਜੀ ਦਾ ਆਪਣਾ ਕੌਤਕ ਦਸਦੇ ਹਨ।"

ਸਰਦਾਰ ਸੁੰਦਰ ਸਿੰਘ ਸਰਬਰਾਹ ਨੇ ਮੈਨੂੰ ਦਸਿਆ ਕਿ ਮੈਥੋਂ ਪਹਿਲੇ ਸਰਬਰਾਹ ਨੇ ਮੈਨੂੰ ਇਹ ਘਟਨਾ ਸੁਣਾਉਂਦਿਆਂ ਕਿਹਾ ਕਿ ਇਹ ਭਿਆਨਕ ਨਜ਼ਾਰਾ ਵੇਖ ਕੇ ਅੰਗਰੇਜ਼ ਅਫ਼ਸਰ ਭੈ-ਭੀਤ ਹੋ ਗਏ। ਉਹਨਾਂ ਉਸ ਕੁਕਰਮ ਤੋਂ ਕੰਨਾਂ ਨੂੰ ਹੱਥ ਲਾਇਆ, ਤੇ ਕੜਾਹ ਪ੍ਰਸ਼ਾਦ ਦੀਆਂ ਕਈ ਦੇਗਾਂ ਉਥੇ ਭੇਟ ਕਰਾਈਆਂ।

ਆਪਣੇ ਪੰਥ ਦਾ ਰਾਖਾ ਪਾਤਿਸ਼ਾਹ ਆਪ ਹੀ ਜਾਣਦਾ ਹੈ ਕਿ ਇਹ ਕੀ ਹੋਇਆ ਸੀ ?



www.AKJ.Org

# ਮਾਸਾਹਾਰ ਦੇ ਨੁਕਸਾਨ

## *ਖ਼ੁਰਾਕ ਦੇ ਮਾਹਿਰਾਂ ਤੇ ਡਾਕਟਰਾਂ ਦੀ ਰਾਏ ਅਨੁਸਾਰ*

[ਜੇ. ਪੀ. ਸੰਗਤ ਸਿੰਘ ਜੀ, 75/3 ਬੰਬਈ-82]

ਮਾਸ ਖਾਣ ਵਾਲੇ ਸਜਣ, ਮਾਸਾਹਾਰ ਨੂੰ ਸ਼ਕਤੀ ਵਧਾਊ ਅਤੇ ਸਾਕਾਹਾਰ ਤੋਂ ਵਧੀਆ ਖ਼ੁਰਾਕ ਹੋਣ ਦਾ ਦਾਹਵਾ ਕਰਦੇ ਹਨ, ਪਰ ਖ਼ੁਰਾਕ ਮਾਹਿਰਾਂ ਦੀ ਖੋਜ ਹੈ ਕਿ :—

੧. ਮਾਸਾਹਾਰੀਆਂ ਨੂੰ ਸਦਾ ਹੀ ਕੈਲਸ਼ੀਅਮ ਦੀ ਕਮੀ ਰਹਿੰਦੀ ਹੈ । ਇਹਨਾਂ ਦੀਆਂ ਆਂਦਰਾਂ ਵਿਚ ਚਿਕਨੀ ਜਿਹੀ ਚਰਬੀ ਦੀ ਬਹੁਤਾਤ ਹੋ ਜਾਣ ਕਰਕੇ ਕੈਲਸ਼ੀਅਮ ਦੇ ਗ੍ਰਹਿਣ ਕਰਨ ਵਿਚ ਰੋਕ ਪੈਦਾ ਹੋ ਜਾਂਦੀ ਹੈ, ਜਿਸ ਕਰਕੇ ਇਹਨਾਂ ਨੂੰ ਦਰਦਾਂ ਹੋ ਜਾਂਦੀਆਂ ਹਨ । ਜਾਨਵਰਾਂ ਦੀ ਚਰਬੀ ਵਿਚ 'ਕੈਸਟ੍ਰੋਲ' ਨਾਮੀ ਇਕ ਜ਼ਹਿਰ ਹੁੰਦਾ ਹੈ, ਜਿਹੜਾ ਦਿਲ ਦੇ ਰੋਗਾਂ ਦਾ ਵਡਾ ਕਾਰਨ ਹੈ ।

੨. ਵਿਟਾਮਿਨ 'ਸੀ' ਜਿਹੜੀ ਕਿ ਮਨੁਖੀ ਸਿਹਤ ਲਈ ਅਤੀ ਜ਼ਰੂਰੀ ਹੈ, ਮਾਸ ਵਿਚ ਬਿਲਕੁਲ ਨਹੀਂ ਹੁੰਦੀ ।

੩. ਯੂਰੀਆ ਅਤੇ ਯੂਰਿਕ ਐਸਿਡ ਜਹੇ ਜ਼ਹਿਰੀਲੇ ਪਦਾਰਥ ਮਾਸ ਵਿਚ ਬਹੁਤ ਹੁੰਦੇ ਹਨ । ਸਰੀਰ ਚੋਂ ਇਹਨਾਂ ਨੂੰ ਅਤੇ ਇਹੋ ਜਿਹੇ ਵਿਸ਼ੈਲੇ ਪਦਾਰਥਾਂ ਨੂੰ, ਜਿਹੜੇ ਕਿ ਮਾਸ ਵਿਚ ਹੁੰਦੇ ਹਨ, ਬਾਹਰ ਕਢਣ ਲਈ, ਜਿਗਰ ਤੇ ਗੁਰਦੇ ਨੂੰ ਬਹੁਤੀ ਮਿਹਨਤ ਕਰਨੀ ਪੈਂਦੀ ਹੈ । ਇਹੋ ਕਾਰਨ ਹੈ ਕਿ ਲਗਾਤਾਰ ਅਤੇ ਬਹੁਤ ਮਾਸ ਖਾਣ ਵਾਲਿਆਂ ਦੇ ਜਿਗਰ ਤੇ ਗੁਰਦਾ ਦੋਵੇਂ ਹੀ ਕਮਜ਼ੋਰ ਹੁੰਦੇ ਹਨ ਅਤੇ ਅਖੀਰਲੀ ਉਮਰ ਵਿਚ ਇਹ ਅਜ਼ਾਬ ਹੀ ਬਣ ਜਾਂਦੇ ਹਨ । ਇਹਨਾਂ ਜ਼ਹਿਰਾਂ ਕਾਰਨ ਹੀ ਮਾਸਾਹਾਰੀਆਂ ਨੂੰ ਗੰਠੀਆ ਤੇ ਜੋੜਾਂ ਦੇ ਦਰਦਾਂ ਦੀਆਂ ਬੀਮਾਰੀਆਂ ਹੋ ਜਾਂਦੀਆਂ ਹਨ । ਇਹ ਬੀਮਾਰੀਆਂ ਮਾਸਾਹਾਰੀਆਂ ਨੂੰ ਸਾਕਾਹਾਰੀਆਂ ਨਾਲੋਂ ਕਈ ਗੁਣਾ ਵਧ ਹੁੰਦੀਆਂ ਹਨ ।

੪. ਵਿਟਾਮਿਨ 'ਏ' ਵੀ ਸਿਹਤ ਲਈ ਬਹੁਤ ਜ਼ਰੂਰੀ ਹੈ, ਪਰ ਇਹ ਵਿਟਾਮਿਨ ਜਿਸ ਪ੍ਰਕਾਰ ਦਾ ਮਾਸ ਚੋਂ ਮਿਲਦਾ ਹੈ ਉਸ ਨਾਲ ਭੁੱਖ ਘਟਦੀ ਅਤੇ ਭੋਜਨ ਦਾ ਅਸਲ ਸੁਆਦ ਜਾਂਦਾ ਰਹਿੰਦਾ ਹੈ ।

੫. ਆਮ ਤੌਰ ਤੇ ਮਾਸਾਹਾਰੀਆਂ ਦੇ ਦੰਦ ਸਦਾ ਰੋਗੀ ਰਹਿੰਦੇ ਹਨ ਅਤੇ ਉਹਨਾਂ ਨੂੰ ਜਲਦੀ ਹੀ ਬਣਾਉਟੀ ਦੰਦਾਂ ਦੀ ਲੋੜ ਪੈਂਦੀ ਹੈ । ਉਹਨਾਂ ਦੀ ਨਜ਼ਰ ਵੀ ਜਲਦੀ ਹੀ ਕਮਜ਼ੋਰ ਹੋ ਜਾਂਦੀ ਹੈ ਅਤੇ ਹਾਜ਼ਮਾ ਵੀ ਵਿਗੜਿਆ ਰਹਿੰਦਾ ਹੈ । ਉਹਨਾਂ ਨੂੰ "ਮਾਸਖੋਰਾ" ਨਾਮ ਦਾ ਰੋਗ ਹੋ ਜਾਂਦਾ ਹੈ ।

੬. ਮਾਸ ਦੀ ਵਰਤੋਂ ਨਾਲ ਉਤੇਜਨਾ ਵਧਦੀ ਹੈ । ਇਸ ਵਿਚਲੇ ਕੀਟਾਣੂਆਂ ਨਾਲ ਖਈ ਰੋਗ ਵਰਗੀਆਂ ਮਾਰੂ ਬੀਮਾਰੀਆਂ ਲਗ ਜਾਂਦੀਆਂ ਹਨ । ਮਾਸ ਵਿਚ ਨਾਈਟ੍ਰੋਜਨ ਬਹੁਤੀ ਹੋਣ ਕਾਰਨ ਸਰੀਰ ਛੇਤੀ ਮੋਟਾ ਹੋ ਜਾਂਦਾ ਹੈ ਅਤੇ ਇਸ ਉਪਰ ਮਾਤਾ

---

(੨੧ ਸਫ਼ੇ ਦੀ ਬਾਕੀ)

ਦਾਇਰਾ ਬਹੁਤ ਵਿਸ਼ਾਲ ਹੋ ਗਿਆ । ਤੇ ਇਹ ਅਖੰਡ ਕੀਰਤਨ ਸਮਾਗਮ ਵਖ ਵਖ ਥਾਵਾਂ ਤੇ ਸਿਖੀ ਪਰਚਾਰ ਦੇ ਸੋਮੇ ਬਣ ਗਏ, ਜਿਹੜੇ ਕਿ ਅਜ ਵੀ ਉਸੇ ਤਰ੍ਹਾਂ ਹੀ ਕਾਇਮ ਹਨ ।

*ਅਕਾਲ ਚਲਾਣਾ—*

ਓੜਕ ਇਹ ਭਜਨੀਕ ਰੂਹ ਗੁਰਮਤਿ ਗੁਣਾਂ ਦੀ ਲਾਸਾਨੀ ਨਜ਼ੀਰ ਕਾਇਮ ਕਰ ਕੇ, ੮੩ ਵਰ੍ਹੇ ਦੀ ਭਰਪੂਰ ਆਯੂ ਭੋਗ ਕੇ ੧੬ ਅਪ੍ਰੈਲ ੧੯੬੧ ਨੂੰ ਗੁਰ-ਪੁਰੀ ਪਿਆਨੇ ਕਰ ਗਈ । ਭਾਈ ਸਾਹਿਬ ਆਪਣੇ ਪਿਛੇ ਗੁਰਮਤਿ ਨੂੰ ਉਜਾਗਰ ਕਰਨ ਵਾਲਾ ਇਕ ਵੱਡ-ਮੁੱਲਾ ਤੇ ਭਰਪੂਰ ਖ਼ਜ਼ਾਨਾ ਛਡ ਗਏ ਹਨ, ਜਿਸ ਵਿਚ ਗੁਰ-ਮਤਿ ਦੇ ਅਨੇਕਾਂ ਵਿਸ਼ਿਆਂ ਦੀਆਂ ਕਈ ਵਡੀਆਂ ਪੁਸਤਕਾਂ ਅਤੇ ਛੋਟੇ ਟ੍ਰੈਕਟ ਹਨ, ਜਿਥੋਂ ਕਿ ਰਹਿੰਦੀ ਦੁਨੀਆਂ ਤਕ ਜਗਿਆਸੂਆਂ ਅਤੇ ਗੁਰਮਤਿ-ਖੋਜੀਆਂ ਨੂੰ ਚਾਨਣ ਮਿਲਦਾ ਰਹੇਗਾ ।



www.AKJ.Org

ਵਰਗੇ ਚਿਟੇ ਦਾਣੇ ਨਿਕਲ ਆਉਂਦੇ ਹਨ, ਜਿਨ੍ਹਾਂ ਰਾਹੀਂ ਸਰੀਰ ਦਾ ਜ਼ਹਿਰ ਬਾਹਰ ਨਿਕਲਦਾ ਰਹਿੰਦਾ ਹੈ।

੭. ਮਾਸ ਖਾਣ ਵਾਲਿਆਂ ਨੂੰ ਮੁਹਰਕਾ ਤਾਪ ਬਹੁਤ ਹੁੰਦਾ ਹੈ। ਪਸਲੀਆਂ ਤੇ ਫੇਫੜਿਆਂ ਦੇ ਰੋਗ ਵੀ ਬਹੁਤ ਕਰਕੇ ਇਸ ਦੀ ਵਰਤੋਂ ਨਾਲ ਹੀ ਹੁੰਦੇ ਹਨ। ਕੈਂਸਰ ਤਾਂ ਇਸ ਦੀ ਮੁਖ ਦੇਣ ਹੈ।

੮. ਮਾਸਾਹਾਰ ਨਾਲ ਰਕਤ ਦੋਸ਼ ਪੈਦਾ ਹੁੰਦੇ ਹਨ। ਅਤੇ ਰਕਤ ਦੋਸ਼ ਦੇ ਸਾਰੇ ਰੋਗਾਂ ਦਾ ਮੁਖ ਕਾਰਨ ਇਹ ਮਾਸਾਹਾਰ ਹੀ ਹੈ, ਜਿਵੇਂ ਕਿ ਆਂਦਰਾਂ ਦੀ ਸੋਜ਼ਸ਼, ਜੋੜਾਂ ਦਾ ਦਰਦ,ਦਿਲ ਦੀਆਂ ਬੀਮਾਰੀਆਂ ਭਗੰਧਰ, ਆਮ ਕਮਜ਼ੋਰੀ, ਸ਼ੁਦਾਅ, ਸੁਸਤੀ ਤੇ ਅਧਰੰਗ ਆਦਿ ਰੋਗਾਂ ਦੀ, ਮਾਸ ਖਾਣ ਵਾਲਿਆਂ ਦੇ ਸਰੀਰ ਛਾਉਣੀ ਬਣ ਜਾਂਦੇ ਹਨ।

੯. ਮਾਸ ਦਾ ਤਿਜ਼ਾਬੀ ਅਨਸਰ ਰਕਤ ਪ੍ਰਵਾਹ ਵਿਚ ਅੜਿਚਣ ਪੈਦਾ ਕਰਦਾ ਹੈ।

੧੦. ਮਾਸਾਹਾਰੀ ਜਲ ਪਿਤੀ, ਖੁਜਲੀ, ਜ਼ਖ਼ਮਾਂ ਦਾ ਖ਼ਰਾਬ ਹੋਣਾ ਅਤੇ ਫੋੜੇ ਫਿਨਸ਼ੀਆਂ ਆਦਿ ਦੇ ਰੋਗਾਂ ਦੇ ਜਲਦੀ ਰੋਗੀ ਹੁੰਦੇ ਹਨ।

੧੧. ਮਾਸਾਹਾਰੀਆਂ ਦੀ ਪਾਚਨ ਸ਼ਕਤੀ ਬਹੁਤ ਨਸ਼ਟ ਹੁੰਦੀ ਰਹਿੰਦੀ ਹੈ ਅਤੇ ਇਸ ਤਰ੍ਹਾਂ ਬਹੁਤ ਵਿਸ਼ੈਲ ਵਸਤੂਆਂ, ਜੋ ਕਿ ਸਰੀਰ ਚੋਂ ਛੇਤੀ ਹੀ ਬਾਹਰ ਨਿਕਲ ਜਾਣੀਆਂ ਚਾਹੀਦੀਆਂ ਹਨ, ਸਰੀਰ ਦੇ ਅੰਦਰ ਬਹੁਤ ਦੇਰ ਤਕ ਪਈਆਂ ਰਹਿ ਕੇ, ਪੌਸ਼ਟਿਕ ਪਦਾਰਥਾਂ ਨਾਲ ਰਲ ਕੇ ਕਈ ਪ੍ਰਕਾਰ ਦੇ ਸਰੀਰਕ ਤੇ ਮਾਨਸਿਕ ਰੋਗ ਉਤਪੰਨ ਕਰ ਦਿੰਦੀਆਂ ਹਨ।

੧੨. ਜਿਨ੍ਹਾਂ ਜਾਨਵਰਾਂ ਦਾ ਮਾਸ ਖਾਧਾ ਜਾਂਦਾ ਹੈ ਉਨ੍ਹਾਂ ਨੂੰ ਲਗਾਏ ਜਾਣ ਵਾਲੇ ਟੀਕਿਆਂ ਦੀ ਜ਼ਹਿਰ ਵੀ ਮਾਸ ਖਾਣ ਵਾਲਿਆਂ ਨੂੰ ਕਈ ਰੋਗ ਲਗਾ ਦੇਣ ਦੇ ਕਾਰਨ ਬਣਦੀ ਹੈ। ਅਸਲ ਗੱਲ ਤਾਂ ਇਹ ਹੈ ਕਿ ਕਿਸੇ ਜੀਵ ਦੇ ਮਰਦਿਆਂ ਹੀ ਉਸ ਦਾ ਮਾਸ ਜ਼ਹਿਰੀਲਾ ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ੮੦ ਫ਼ੀ ਸਦੀ ਬਣੇ ਹੋਏ ਮਾਸ ਵਿਚ ਇਸ ਜ਼ਹਿਰ ਦੇ ਕੀਟਾਣੂ ਮੌਜੂਦ ਹੁੰਦੇ ਹਨ।

੧੩. ਮਾਸਾਹਾਰ ਨਾਲ ਬੁਢੇਪਾ ਜਲਦੀ ਆਉਂਦਾ ਹੈ। ਐਸਕੀਮੋ ਤੀਵੀਆਂ, ਜਿਨ੍ਹਾਂ ਦੀ ਖ਼ੁਰਾਕ ਬਹੁਤ ਕਰਕੇ ਮਾਸ ਉਤੇ ਹੀ ਨਿਰਭਰ ਕਰਦੀ ਹੈ, ਆਪਣੀ ਉਮਰ ਨਾਲੋਂ ਢਾਈ ਤਿੰਨ ਗੁਣਾ ਵਧ ਉਮਰ ਦੀਆਂ ਦਿਖਾਈ ਦੇਂਦੀਆਂ ਹਨ। ੨੦-੨੫ ਸਾਲ ਦੀ ਯੁਵਾ ਐਸਕੀਮੋ ਇਸਤ੍ਰੀ ਭਾਰਤ ਦੀ ੫੦-੫੫ ਸਾਲ ਦੀ ਇਸਤ੍ਰੀ ਵਾਂਗ ਨਜ਼ਰ ਆਉਂਦੀ ਹੈ।

੧੪. ਵਿਗਿਆਨੀਆਂ ਦੀ ਖੋਜ ਅਨੁਸਾਰ (ਜਿਹੜੀ ਹੁਣ ਤੀਕ ਕੀਤੀ ਗਈ ਹੈ) ੧੯੬ ਅਜਿਹੇ ਰੋਗ ਹਨ ਜਿਹੜੇ ਕਿ ਮਾਸਾਹਾਰ ਨਾਲ ਲਗ ਸਕਦੇ ਹਨ। ਇਹਨਾਂ ਚੋਂ ਕਈ ਤਾਂ ਅਜਿਹੇ ਹਨ ਜਿਹੜੇ ਕੇਵਲ ਮਾਸਾਹਾਰੀਆਂ ਨੂੰ ਹੀ ਲਗਦੇ ਹਨ ਤੇ ਸਾਕਾ-ਹਾਰੀਆਂ ਨੂੰ ਬਿਲਕੁਲ ਨਹੀਂ ਲਗਦੇ।

੧੫. ਕਾਰਬੋਜ਼ ਤਾਂ ਮਾਸਾਰੀਆਂ ਨੂੰ ਬਿਲਕੁਲ ਨਾਂਹ ਦੇ ਬਰਾਬਰ ਮਿਲਦੇ ਹਨ।

੧੬. ਦੋ ਅਮਰੀਕਨ ਡਾਕਟਰਾਂ, ਡਾ: ਏ. ਵਾਚਮਨ ਅਤੇ ਡਾ: ਡੀ. ਐਨ. ਵਰਨ ਸਟੀਲ ਨੇ ਸਿੱਧ ਕੀਤਾ ਹੈ ਕਿ ਮਾਸਾਹਾਰ ਨਾਲ ਹੱਡੀਆਂ ਸਹਿਜੇ ਸਹਿਜੇ ਕਮਜ਼ੋਰ ਹੁੰਦੀਆਂ ਅਤੇ ਅੰਤ ਗਲਣ ਲਗ ਜਾਂਦੀਆਂ ਹਨ। ਸਾਕਾਹਾਰੀਆਂ ਦੀਆਂ ਹੱਡੀਆ ਮਾਸਾਹਾਰੀਆਂ ਦੀਆਂ ਹੱਡੀਆਂ ਨਾਲੋਂ ਵਧੇਰੇ ਮਜ਼ਬੂਤ ਹੁੰਦੀਆਂ ਹਨ।

ਡਾ: ਅਲੈਗਜ਼ੈਂਡਰ ਹੇਗ ਨੇ ਇਸ ਉਪ੍ਰੋਕਤ ਗੱਲ ਦੀ ਪੁਸ਼ਟੀ ਕੀਤੀ ਹੈ।

੧੭. ਫ਼ਰਾਂਸ ਦੇ ਇਕ ਵਿਦਵਾਨ ਸ੍ਰੀ ਕਿੰਗਸਨ ਫ਼ੋਰਡ ਨੇ ਲਿਖਿਆ ਹੈ—

"ਇਥੋਂ ਦੇ ਲੋਕਾਂ ਦਾ ਬਲ, ਮਾਸਾਹਾਰ ਨਾਲ ਦਿਨੋ ਦਿਨ ਘਟਦਾ ਜਾ ਰਿਹਾ ਹੈ। ਹੁਣ ਲੋਕੀ ਇਥੇ ਸਾਕਾਹਾਰ ਵਲ ਵਧ ਰਹੇ ਹਨ।"

੧੮. ਕਿੰਬਰ ਲੈਂਡ ਦੇ ਦਿਹਾਤੀਆਂ ਦੀ ਅਵਸਥਾ ਬਾਰੇ, ਮਿ: ਸਮਾਈਲ ਨੇ ਲਿਖਿਆ ਹੈ—

ਜੋ ਵਿਅਕਤੀ ਦੁੱਧ, ਪਨੀਰ, ਫਲ, ਰੋਟੀ ਅਤੇ ਸਬਜ਼ੀਆਂ ਖਾਂਦੇ ਹਨ ਅਤੇ ਮਾਸ ਮਦਰਾ ਦਾ ਸੇਵਨ ਨਹੀਂ ਕਰਦੇ, ਉਹ ਮਾਸ ਮਦਰਾ-ਅਹਾਰੀਆਂ ਨਾਲੋਂ ਵਧੇਰੇ ਬਲਵਾਨ ਅਤੇ ਉਦਮੀ ਹਨ।

(ਮੁਨੀ ਬੁਧੀ ਸਾਗਰ ਜੀ, ਨਵ ਭਾਰਤ ਟਾਈਮਜ਼ ਚੋਂ)



www.AKJ.Org

# ਗੁਰੂ ਨਾਨਕ ਦੇਵ ਜੀ ਦੀਆਂ ਬਾਲਮ-ਸਾਖੀਆਂ

[ ਵੱਲੋਂ :—ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ]

## ੧੧. ਸੱਪ ਦੀ ਛਾਇਆ—

ਤਦ ਬਾਲਕ ਗੁਰੂ ਤੇ ਮਹਿਤਾ ਕਾਲੂ ਘਰ ਘਰ ਆਏ। ਅਗਲੇ ਦਿਨ ਫੇਰ ਬਾਲਕਾ ਮੱਝੀਆਂ ਗਊਆਂ ਲੈ ਗਿਆ ਬਨ ਨੂੰ ਛੇੜ ਕੇ। ਮੱਝੀਆਂ ਚਰਨ ਤੇ ਆਪ ਗਾਂਵੇਂ ਸੁਹਣੇ ਸੁਹਣੇ ਗਉਣ ਪਰਮੇਸ਼ੁਰ ਦੇ ਪਿਆਰ ਦੇ। ਐਉਂ ਜਾਪੇ ਕਿ ਮਹੀਆਂ ਗਊਆਂ ਬੀ ਸੁਣਦੀਆਂ ਪਈਆਂ ਹਨ, ਜੋ ਘਾਹ ਖਾਂਦੀਆਂ ਮੁੜ ਮੁੜ ਬੂਥੀਆਂ ਚੁੱਕ ਚੁੱਕ ਵੇਂਹਦੀਆਂ ਹਨ ਸੁਹਣੇ ਵਾਗੀ ਵਲ, ਆਪਣੇ ਰੱਬ ਦੇ ਪਿਆਰੇ ਛੇੜੂ ਵਲ।

ਇਸ ਤਰ੍ਹਾਂ ਕਈ ਦਿਨ ਲੰਘੇ। ਇਕ ਦਿਨ ਅਜੇ ਦੁਪਹਿਰ ਨਹੀਂ ਸੀ ਆਈ ਕਿ ਬਾਲਕ ਗੁਰੂ ਨਾਨਕ ਇਕ ਸੁਹਣੇ ਘਾਹ ਦੇ ਖੇਤ ਵਿਚ ਇਕ ਲਾਂਭੇ ਬੈਠਾ ਲੇਟ ਗਿਆ ਤੇ ਐਉਂ ਜਾਪੇ ਜਿਵੇਂ ਸੌਂ ਗਿਆ ਏ। ਇੰਨੇ ਨੂੰ ਦੁਪਹਿਰ ਹੋ ਗਈ ਸ਼ਿਕਲ, ਬਨ ਵਾਲੇ ਪਾਸਿਓਂ ਇਕ ਸੱਪ ਆਇਆ ਫਨੀਅਰ। ਫਨੀਅਰ ਸੱਪ ਕੀ ਹੁੰਦਾ ਏ ?

ਇਹ ਇਕ ਸੱਪ ਹੁੰਦਾ ਹੈ ਜੋ ਆਪਣਾ ਸਿਰ ਤੇ ਮੂੰਹ ਵਾਲਾ ਅਗਲਾ ਹਿੱਸਾ ਖੜਾ ਕਰ ਲੈਂਦਾ ਏ ਤੇ ਉਸ ਨੂੰ ਖਿਲਾਰ ਲੈਦਾ ਏ, ਜਿਵੇਂ ਕਿ ਦਾਣੇ ਛੱਟਣ ਵਾਲਾ ਛੱਜ ਹੁੰਦਾ ਏ; ਏਸ ਕਰਕੇ ਏਸ ਨੂੰ ਛਜਲੀ ਵਾਲਾ ਸੱਪ ਵੀ ਆਖਦੇ ਹਨ। ਸੋ ਇਕ ਸੱਪ ਬੜਾ ਵੱਡਾ, ਖ਼ਬਰੇ ਛਜਲੀ ਵਾਲਿਆਂ ਦਾ ਰਾਜਾ ਹੋਣਾ ਏ, ਬਹੁਤ ਵਡਾ ਸਾਰਾ ਸੀ, ਮੋਟਾ ਸਾਰਾ ਸੀ ਤੇ ਚੋਖਾ ਲੰਮਾ ਸੀ। ਲੋਕੀ ਦੱਸਦੇ ਹਨ ਕਿ ਇਕ ਹੁੰਦਾ ਏ ਵਡਾ ਫਨੀਅਰ, ਉਸ ਨੂੰ ਰਾਜਾ ਫਨੀਅਰ ਆਖਦੇ ਹਨ*। ਇਹ ਸੱਪ ਜਿਥੇ ਰੱਬ ਦਾ ਬੱਚਾ ਸੁੱਤਾ ਪਿਆ ਜਾਪਦਾ ਸੀ ਉਥੇ ਆ ਗਿਆ। ਉਥੇ ਆ ਕੇ ਕੀ ਡੰਗ ਮਾਰਿਓ ਸੂ ? ਨਹੀਂ, ਸਿਰ ਵਾਲਿਓਂ ਪਾਸਿਓਂ ਹੋ ਕੇ ਸਿਰ ਉੱਚਾ ਕਰਕੇ ਛਜਲੀ ਤਾਣ ਦਿੱਤੀਓਸੁ ਚਿਹਰੇ ਉਤੇ, ਛਾਂ ਹੋ ਗਈ ਚਾਨਣੇ ਚਿਹਰੇ ਉਤੇ, ਜਿਸ ਤੇ ਤ੍ਰਿੱਖੀ ਧੁੱਪ ਪੈ ਰਹੀ ਸੀ। ਕਈ ਵੇਰ ਗਊਆਂ ਮਹੀਆਂ ਵੱਡਾ ਸੱਪ ਵੇਖ ਕੇ ਭੱਜ ਜਾਂਦੀਆਂ ਹਨ, ਪਰ ਸਾਰੀਆਂ ਮਹੀਆਂ ਗਊਆਂ ਦੂਰ ਦੂਰ ਆ ਬੈਠੀਆਂ, ਚਰਨਾ ਭੁੱਲ ਗਈਆਂ ਤੇ ਡੇਲੇ ਤਾੜ ਤਾੜ, ਬੰਨ੍ਹ ਬੰਨ੍ਹ ਤੱਕਣ ਆਪਣੇ ਸੁੱਤੇ ਪਏ ਛੇੜੂ ਵਲ ਤੇ ਏਨੇ ਨੂੰ ਰਾਇ ਬੁਲਾਰ ਆ ਲੰਘਿਆ, ਜੋ ਕਿਤੋਂ ਬਾਹਰੋਂ ਘਰ ਆ ਰਿਹਾ ਸੀ। ਉਸ ਡਿੱਠਾ ਜੋ ਉਹੋ ਉਜੜੇ ਖੇਤ ਹਰੇ ਕਰਨ ਵਾਲਾ ਕਾਲੂ ਦਾ ਕਾਕ ਸੁੱਤਾ ਪਿਆ ਏ, ਦੂਰੋਂ ਸਿਵਾਣ ਲਿਆ ਸੂ, ਪਰ ਦਿਲ ਵਿਚ ਡਰ ਗਿਆ। ਆਖੇ: ਹਾਇ ਹੈਫ !† ਕਿੱਡਾ ਸੋਹਣਾ ਬਾਲ ਸੱਪ ਨੇ ਡੰਗ ਸੁਟਿਆ ਏ ! ਵੇਖੋ ਕਿਵੇਂ ਪਿਆ ਏ, ਨਾ ਹਿੱਲਦਾ ਏ ਨਾ ਜੁੱਲਦਾ ਏ। ਕਿਵੇਂ ਕਰਾਂ ? ਕੋਲ ਚੱਲਾਂ ਤੇ ਸੱਪ ਨੂੰ ਮਾਰ ਦਿਆਂ ਮਤੇ ਬਾਲਕਾ ਬਚ ਰਹਿਵੇ। ਜਾਂ ਰਾਇ ਨੇ ਘੋੜੀ ਦੀ ਵਾਗ ਮੋੜੀ ਤੇ ਨੇਜ਼ਾ ਸਿੱਧਾ ਕੀਤਾ ਤਾਂ ਸੱਪ ਤਾਂ ਘੋੜੇ ਤੋਂ ਭੀ ਤਿੱਖੀ ਚਾਲੇ ਨੱਸਦਾ ਦਿਸਿਆ ਤੇ ਦੂਜੇ ਪਲਕਾਰੇ ਵਿਚ ਗੁੰਮ ਹੀ ਹੋ ਗਿਆ। ਤਾਂ ਰਾਇ ਅਗੇ ਵਧਿਆ, ਡਿੱਠੋਸੁ ਕਿ ਬਾਲਕੇ ਨੂੰ ਸਾਹ ਆ ਰਹੇ ਹਨ ਘੋੜੇ ਤੋਂ ਉਤਰ ਕੇ ਬੱਚੇ ਨੂੰ ਡਿੱਠੋਸੁ ਕਿ ਜੀਉਂਦਾ ਹੈ, ਤਾਂ ਝਟ ਗਲ ਲਾ ਲਿਓਸੂ। ਜੱਫੀ ਪਾਈਓਸੁ ਘੁੱਟਕੇ; ਪਰ ਦੇਖੋ ਕੀ ਹੋਇਆ ? ਉਸ ਨੂੰ ਸੁਆਦ ਆ ਗਿਆ ਤੇ ਰੱਬ ਰੱਬ ਕਰਨ ਲਗ ਪਿਆ, ਐਉਂ ਜਿਵੇਂ ਰੱਬ ਨੂੰ ਜੱਫੀ ਪਾ ਬੈਠਾ ਏ। ਅੱਜ ਜੋ ਰਾਇ ਨੇ ਡਿੱਠਾ ਤੇ ਜੱਫੀ ਪਾ ਕੇ ਜੋ ਉਸ ਦੇ ਹੱਡੀਂ ਵਰਤਿਆ, ਉਸ ਨੂੰ ਨਿਹਚਾ ਬੱਝ ਗਿਆ ਕਿ ਇਹ ਬਾਲ ਬਾਲਕ ਨਹੀਂ, ਇਹ ਤਾਂ ਰੱਬ ਨੇ ਕੋਈ ਆਪਣਾ ਪਿਆਰਾ ਘੱਲਿਆ ਏ। ਫ਼ਾਰਸੀ ਬੋਲੀ ਵਿਚ ਆਖਿਓਸੁ, "ਤੂ ਪਿਗੰਬਰ ਏਂ।" "ਤੂ ਪਿਗੰਬਰ ਏਂ।" ਅਰਥ ਇਹ ਸੀ ਕਿ ਤੂੰ ਰੱਬ ਵਲੋਂ ਸਾਡੇ ਲਈ ਸੁਨੇਹੇ ਲੈ ਕੇ ਆਇਆ ਏਂ। ਤੂੰ ਰੱਬ ਦਾ ਏਂ, ਰੱਬ ਤੇਰਾ ਏ।

['ਬਾਲਮ ਸਾਖੀਆਂ' ਪੁਸਤਕ ਵਿਚੋਂ ਧੰਨਵਾਦ ਸਹਿਤ

*ਅੰਗਰੇਜ਼ੀ ਵਿਚ ਇਸ ਨੂੰ 'ਕਿੰਗ ਕੋਬਰਾ' ਆਖਦੇ ਹਨ।

†ਹਾਇ ਹਮਸੋਸ ਹੈ।



www.AKJ.Org

# ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਲਮ-ਸਾਖੀਆਂ

[ ਵੱਲੋਂ :—ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ]

## ੧੬. ਕਾਸ਼ੀ–

ਦਾਨਾ ਪੁਰ ਤੋਂ ਚੱਲ ਕੇ ਅਨੇਕ ਸ਼ਹਿਰੀਂ ਉਤਾਰਾ ਕਰਦੇ ਕਦੇ ਇਕ ਰਾਤ, ਕਦੇ ਦੋ ਦੋ ਤ੍ਰੈ ਤ੍ਰੈ ਰਾਤਾਂ ਰਸਤੇ ਵਿਚ ਮੁਕਾਮ ਕਰਦੇ ਸਾਰੇ ਸਾਥੀਆਂ ਸਣੇ ਸਫ਼ਰ ਕਰਦੇ ਰਹੇ। ਸਫ਼ਰ ਕਰਦੇ ਜਦ ਕਿਸੇ ਥਾਂ ਕੁਛ ਚਿਰ ਰਹਿ ਪਈਏ ਉਸ ਨੂੰ ਮੁਕਾਮ ਕਰਨਾ ਆਖੀਦਾ ਹੈ। ਗੁਰੂ ਮਹਾਰਾਜ ਜੀ ਦੀ ਸਿੱਖੀ ਸੇਵਕੀ ਦਾ ਪ੍ਰਚਾਰ ਤਦੋਂ ਸਾਰੇ ਦੇਸ਼ ਵਿਚ ਸੀ। ਹਰ ਜਗ੍ਹਾ ਲੋਕੀ ਦਰਸ਼ਨਾਂ ਨੂੰ ਆਉਂਦੇ ਤੇ ਸਾਹਿਬਜ਼ਾਦੇ ਜੀ ਨੂੰ ਮਿਲ ਕੇ ਖ਼ੁਸ਼ ਪ੍ਰਸੰਨ ਹੁੰਦੇ। ਹਰ ਥਾਂ ਦੀਵਾਨ ਸਜਦੇ, ਕਥਾ ਕੀਰਤਨ ਬੀ ਹੁੰਦੇ। ਸੰਗਤਾਂ ਨਿਹਾਲ ਹੁੰਦੀਆਂ। ਸਾਹਿਬਜ਼ਾਦੇ ਜੀ ਦੀ ਛੋਟੀ ਉਮਰ, ਵਡੀ ਚੜ੍ਹਤ ਬੜ੍ਹਤ ਤੇ ਸੁਹਣੇ ਬਚਨ ਸੁਣ ਕੇ ਇਸੇ ਉਮਰੇ ਬ ਸ਼ਸ਼ਾਂ ਕਰਦੇ, ਰੱਬ ਬਾਬਲ ਜੀ ਦੀਆਂ ਗੱਲਾਂ ਕਰਦੇ, ਸੁਣ ਸੁਣ ਕੇ ਸਿਖਾਂ ਸੇਵਕਾਂ ਦੇ ਦਿਲ ਖਿੜ ਜਾਂਦੇ।

ਇਸ ਤਰ੍ਹਾਂ ਚੱਲ ਕੇ 'ਕਾਸ਼ੀ' ਪਹੁੰਚੇ*। ਇਹ ਪੁਰਾਤਨ ਸਮਿਆਂ ਦਾ ਬੜਾ ਤੀਰਥ ਹੈ। ਗੰਗਾ, ਜੋ ਹਰਦੁਆਰ ਵਗਦੀ ਹੈ ਤੇ ਜੋ ਪਟਣੇ ਵਗਦੀ ਸੀ, ਉਹੀ ਗੰਗਾ ਕਾਸ਼ੀ ਦੇ ਹੇਠੋਂ ਵਗਦੀ ਲੰਘਦੀ ਹੈ। ਕਾਸ਼ੀ ਤੋਂ ਹੀ ਗੰਗਾ ਪਟਣੇ ਜਾਂਦੀ ਹੈ। ਕਾਸ਼ੀ ਗੰਗਾ ਦੇ ਉਰਾਰਲੇ ਕਿਨਾਰੇ ਹੈ, ਜਿਵੇਂ ਪਟਨਾ ਹੈ।

ਕਾਸ਼ੀ ਵਿਚ ਅਗੇ ਹੀ ਗੁਰੂ ਕੇ ਟਿਕਾਣੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਏਥੇ ਚਰਨ ਪਾ ਗਏ ਸਨ। ਸੋ ਉਸੇ ਥਾਂ ਸਾਹਿਬਜ਼ਾਦੇ ਜੀ ਆ ਟਿਕੇ, ਓਥੇ ਜਿਥੇ ਨੌਵੇਂ ਗੁਰੂ ਜੀ ਟਿਕੇ ਸਨ, ਕੋਈ ਸਤ ਮਹੀਨੇ ਤੋਂ ਉਪਰ। ਓਥੇ ਆਪ ਜੀ ਦੀ 'ਤਪ ਗੁਫਾ' ਬੀ ਹੈ, ਤੇ ਜੋ ਹੁਣ ਗੁਰਦੁਆਰਾ ਹੈ। ਏਥੇ ਬਹੁਤ ਦਿਨ ਰਹੇ। ਇਸ ਨਗਰ ਦੇ ਆਲੇ ਦੁਆਲੇ ਸਿਖੀ ਸੇਵਕੀ ਬਹੁਤ ਸੀ, ਸੰਗਤਾਂ ਹੁਮ ਹੁਮਾ ਕੇ ਦਰਸ਼ਨਾਂ ਨੂੰ ਆਈਆਂ। ਸਭ ਦਰਸ਼ਨ ਕਰ ਕੇ ਤੇ ਬਚਨ ਸੁਣ ਕੇ ਨਿਹਾਲ ਹੋਈਆਂ। ਸਤਿਸੰਗ ਦਾ ਸਮਾਗਮ, ਕਥਾ, ਕੀਰਤਨ ਬੜੇ ਸੁਹਣੇ ਪ੍ਰਭਾਉ ਨਾਲ ਹੁੰਦਾ ਸੀ।

'ਪ੍ਰਭਾਉ' ਹੁੰਦਾ ਹੈ ਜੋ ਕਥਾ ਕੀਰਤਨ ਸੁਣ ਕੇ ਯਾ ਕੋਈ ਭਲਾ ਦਰਸ਼ਨ ਕਰਕੇ ਮਨ ਉਤੇ ਸੁਆਦ ਸੁਆਦ ਜਿਹਾ ਭਾਸਣ ਲਗ ਜਾਂਦਾ ਹੈ।

ਜਦੋਂ ਦੀਵਾਨ ਸਜਦਾ ਤੇ ਸਾਹਿਬਜ਼ਾ ਦੇ ਜੀ ਵਿਚ ਬੈਠਦੇ ਤਾਂ ਸਿਖ ਸੇਵਕ ਆ ਕੇ ਭੇਟਾ ਅੱਗੇ ਧਰਦੇ। ਆਪੋ ਆਪਣੇ ਦਸਵੰਧ, ਜੋ ਕੱਠੇ ਕਰ ਰੱਖੇ ਹੁੰਦੇ ਸਨ, ਲਿਆ ਕੇ ਚਰਨਾਂ ਵਿਚ ਰਖ ਦੇਂਦੇ। ਭੇਟਾ ਹੁੰਦੀ ਹੈ ਉਹ ਜੋ ਸੰਤਾਂ ਯਾ ਗੁਰੂ ਜੀ ਨੂੰ ਅਦਬ ਨਾਲ ਦੇਈਦਾ ਹੈ। ਦਸਵੰਧ ਹੁੰਦਾ ਹੈ ਆਪਣੀ ਖੱਟੀ ਦਾ ਦਸਵਾਂ ਹਿੱਸਾ, ਅਰਥਾਤ ਦਸ ਰੁਪੈ ਪਿਛੇ ਇਕ ਰੁਪਯਾ ਗੁਰੂ ਜੀ ਨੂੰ ਭੇਟਾ ਕਰਨੀ।

### [ਦਾਤੇ ਦੀ ਖ਼ੁਸ਼ੀ ਵਿਚ ਖ਼ੁਸ਼ੀ]

ਭਾਈ ਗੁਰਦਾਸ, ਜੋ ਪਹਿਲੇ ਗੁਰੂ ਸਾਹਿਬਾਂ ਦੇ ਵੇਲੇ ਬੜੇ ਗੁਰਸਿੱਖ ਹੋਏ ਹਨ, ਏਸ ਦੇਸ਼ ਵਿਚ ਸਿਖੀ ਦਾ ਪ੍ਰਚਾਰ ਕਰਨ ਆਏ ਸਨ। ਓਹ ਤਦੋਂ ਇਸ ਨਗਰ ਦੇ ਲਾਗੇ ਸੰਗਤ ਕਾਇਮ ਕਰ ਗਏ ਸਨ। ਜਿਸ ਦਾ ਮੁਖੀਆ ਯਾ ਆਗੂ ਅਜ ਕਲ ਭਾਈ ਗੁਰਬਖ਼ਸ਼ ਸੀ। ਉਹ ਆਪਣੇ ਪਾਸੇ ਦੇ ਸਿਖ ਨਾਲ ਲੈ ਕੇ ਤੇ ਸੁਹਣੀਆਂ ਭੇਟਾਂ ਲੈ ਕੇ ਆ ਹਾਜ਼ਰ ਹੋਇਆ। ਸਾਰੇ ਭੇਟਾ ਅੱਗੇ ਰਖ ਕੇ ਮੱਥਾ ਟੇਕ ਕੇ ਗੁਰੂ ਕੀਆਂ ਖ਼ੁਸ਼ੀਆਂ ਲੈ ਕੇ ਜਦ ਬੈਠ ਗਏ ਤਾਂ ਦੀਵਾਨ ਵਿਚ ਕੁਛ ਗ਼ਰੀਬ ਤੇ ਲੋੜਵੰਦ ਆ ਗਏ। ਉਹਨਾਂ ਵਲ ਤੱਕ ਕੇ ਬਾਲਾ ਪ੍ਰੀਤਮ ਦਾ ਸਦਾ ਖਿੜਿਆ ਚਿਹਰਾ ਕੁਛ ਉਦਾਸ ਜਿਹਾ ਹੋ ਗਿਆ। ਪਰ ਫੇਰ ਖਿੜ ਪਏ ਤੇ ਲਾਡ

*ਇਉਂ ਬੀ ਲਿਖਿਆ ਮਿਲਦਾ ਹੈ ਕਿ ਕਾਸ਼ੀ ਮੁਕਾਮ ਕਰਨ ਤੋਂ ਪਹਿਲੇ ੩ ਦਿਨ ਮੁਕਾਮ ਛੋਟੇ ਮਿਰਜ਼ਾ ਪੁਰ ਪਿਆ, ਜੋ ਥਾਉਂ ਕਿ ਕਾਸ਼ੀ ਤੋਂ ਤ੍ਰੈ ਕੁ ਕੋਹ ਗੰਗਾ ਤੋਂ ਪਾਰ ਹੈ, ਇਹ ਬੀ ਖ਼ਯਾਲ ਹੈ ਕਿ ਕਾਸ਼ੀ ਤੋਂ ਏਥੇ ਸੈਰ ਕਰਨ ਗਏ ਸਨ। ਏਥੇ ਗੁਰੂ ਕਾ ਬਾਗ ਹੈ।



www.AKJ.Org

ਜਿਹੇ ਵਿਚ ਉਠੇ, ਜੋ ਜੋ ਸ਼ੈ ਤੇ ਨਕਦੀ ਅਰਥਾਤ ਪੈਸੇ ਰੁਪੱਯੇ ਆਏ ਅੱਗੇ ਪਏ ਸੀ, ਚੁਕੇ ਤੇ ਆਏ ਲੋੜਵੰਦਾਂ ਨੂੰ ਵੰਡ ਦਿਤੇ।

ਹੁਣ ਤੁਸੀਂ ਵੇਖੋ ਕਿ ਇਸ ਉਮਰੇ ਹੀ ਆਪ ਦੀ ਅੱਖ ਕੇਡੀ ਸਿਆਣ ਵਾਲੀ ਸੀ। ਕਿਵੇਂ ਲੋੜਵੰਦਾਂ ਨੂੰ ਪਛਾਣ ਗਏ। ਦਿਲ ਕੇਡਾ ਵੱਡਾ ਤੇ ਕੇਡਾ ਨਰਮ ਸੀ ਕਿ ਉਹਨਾਂ ਦੇ ਦੁਖ ਨਾਲ ਉਦਾਸ ਹੋ ਗਏ। ਬਹਾਦਰ ਕੇਡੇ ਸਨ ਕਿ ਓਸੇ ਵੇਲੇ ਉੱਠ ਕੇ ਸਾਰਾ ਕੁਛ ਚੁਕ ਕੇ ਵੰਡ ਦਿੱਤਾ, ਨਾ ਆਪਣਾ ਲਾਲਚ ਫੁਰਿਆ, ਨਾ ਇਹ ਸੰਗ ਅ ਈ ਕਿ ਲਿਆਉਣ ਵਾਲੇ ਕੀਹ ਆਖਣਗੇ ਕਿ ਅਸੀਂ ਚਾ ਨਾਲ ਲਿਆਏ ਤੇ ਇਹਨਾਂ ਵਾਸਤੇ ਲਿਆਏ, ਇਹਨਾਂ ਨੇ ਵੇਖੋ ਸਾਡੀ ਭਾਵਨਾ ਪੂਰੀ ਨਾ ਕੀਤੀ, ਆਪ ਨਾ ਰਖਿਆ ਕੁਛ ਬੀ, ਤੇ ਕੰਗਲਿਆਂ ਨੂੰ ਵੰਡ ਕਰ ਦਿੱਤੀ।

ਗੁਰਬਖ਼ਸ਼ ਨੂੰ ਸੰਗਤ ਨੇ ਤੇ ਗੁਰਬਖ਼ਸ਼ ਨੇ ਆਪ ਨੂੰ ਕਿਹਾ:-ਸੁਹਣੇ ਮਾਲਕ ਜੀਉ, ਬੜੇ ਪ੍ਰੇਮ ਦੀ ਭੇਟਾ ਹੈ, ਕੁਛ ਤਾਂ ਅੰਗੀਕਾਰ ਆਪ ਭੀ ਕਰੋ।

'ਅੰਗੀਕਾਰ' ਹੁੰਦਾ ਹੈ ਲੈ ਲਓ। ਜਦੋਂ ਵਡੇ ਨੂੰ ਕਹੀਦਾ ਲੈ ਲਓ ਤਾਂ ਆਖੀਦਾ ਹੈ 'ਜੀ ਅੰਗੀਕਾਰ ਕਰੋ।'

ਉਹ ਬੱਚੇ ਲਗਦੇ ਦਾਤਾ ਜੀ ਬੋਲੇ—ਗੁਰਬਖਸ਼ ਤੁਸੀਂ ਤੇ ਸੰਗਤ ਜੋ ਕੁਛ ਲਿਆਏ, ਮੈਨੂੰ ਲੈ ਕੇ ਖੁਸ਼ੀ ਹੋਣੀ, ਪਰ ਮੈਨੂੰ ਦੇ ਕੇ ਬਹੁਤ ਖੁਸ਼ੀ ਹੋਈ। ਜੀਕੂੰ ਮੈਂ ਤੁਹਾਡੀ ਖੁਸ਼ੀ ਵਿਚ ਲੈ ਕੇ ਖੁਸ਼ੀ ਮਨਾਈ, ਤੁਸੀਂ ਮੇਰੇ ਦੇ ਕੇ ਖੁਸ਼ੀ ਹੋਣ ਦੀ ਖੁਸ਼ੀ ਵਿਚ ਖੁਸ਼ੀ ਮਨਾਓ।

ਇਹ ਉਤਰ ਸੁਣ ਕੇ ਕੀਹ ਗੁਰਬਖਸ਼ ਤੇ ਕੀਹ ਆਈ ਸੰਗਤ, ਕੀਹ ਹੋਰ ਦੇਖਣ ਵਾਲੇ ਤੇ ਕੀਹ ਦਾਤਾਂ ਲੈਣ ਵਾਲੇ ਸਾਰੇ ਹੱਕੇ ਬੱਕੇ ਰਹਿ ਗਏ ਕਿ ਇਹ ਬਾਲਕ ਲਗਦੇ ਗੁਰੂ ਕੇ ਬੇਟੇ ਕਿੱਡੀ ਉੱਚੀ ਸੁੱਚੀ ਦਨਾਈ ਤੇ ਵਿਸਮਾਦੀ ਪੱਖ ਦੀ ਗੱਲ ਕਰ ਗਏ ਹਨ, ਜੋ ਦਾਨਾਈ ਵਿਚ ਬੀ ਚਾਲੀ ਸੇਰੀ ਹੈ।

ਜੋ ਗੱਲ ਪੂਰੀ ਪੂਰੀ ਠੀਕ ਹੋਵੇ ਉਸ ਨੂੰ 'ਚਾਲੀ ਸੇਰੀ' ਆਖਦੇ ਹਨ, ਕਿਉਂਕਿ ਮਣ ਚਾਲੀ ਸੇਰ ਦਾ ਹੁੰਦਾ ਹੈ। ਜੋ ਗਲ ਅਕਲ ਤੋਂ ਬੀ ਉਤੀ ਹੋਵੇ ਉਸ ਨੂੰ ਵਿਸਮਾਦੀ ਆਖੀਦਾ ਹੈ।

ਇਹ ਗੱਲ ਜੋ ਗੁਰੂ ਨੰਦਨ ਜੀ ਨੇ ਆਖੀ, ਹਰ ਸਮੇਂ ਹਰ ਭੇਟਾ ਅਰਪਨ ਵਾਲੇ ਲਈ ਚਾਨਣਾ ਪਾਉਣ ਵਾਲੀ ਹੈ ਕਿ ਜੋ ਸ਼ੈ ਅਸਾਂ ਅਰਪ ਦਿੱਤੀ ਹੈ, ਅਰਥਾਤ ਭੇਟਾ ਕਰ ਦਿੱਤੀ ਹੈ ਤਦ ਜਿਸ ਨੂੰ ਭੇਟਾ ਕੀਤੀ ਉਸ ਦੀ ਹੋ ਗਈ। ਹੁਣ ਜੇ ਉਹ ਆਪ ਵਰਤ ਕੇ ਖੁਸ਼ ਹੁੰਦਾ ਹੈ ਤਾਂ ਚੰਗਾ ਤੇ ਜੇ ਵਰਤਾ ਕੇ ਅਤੇ ਦੇ ਕੇ ਖੁਸ਼ੀ ਮਨਾਉਂਦਾ ਹੈ ਤਾਂ ਅਸੀਂ ਉਸ ਵਿਚ ਖੁਸ਼ ਹੋ ਜਾਈਏ। ਕਿਉਂਕਿ ਖੁਸ਼ੀ ਨਾਲ ਅਸਾਂ ਭੇਟਾ ਕੀਤੀ ਸੀ, ਖੁਸ਼ੀ ਵੇਖੀ ਅਸਾਂ, ਜੇ ਵੰਡ ਕੇ ਉਹ ਲੈਣ ਵਾਲਾ ਖੁਸ਼ ਹੈ ਤਾਂ ਸਾਡੀ ਚਾਹ ਪੂਰੀ ਹੋ ਗਈ ਕਿ ਉਹ ਖੁਸ਼ ਹੋ ਗਿਆ।

[ਇਕ ਕੰਗਾਲ]

ਇਕ ਦਿਨ ਇਕ ਅਤਿ ਗ਼ਰੀਬ ਕੰਗਲਾ ਆ ਗਿਆ। ਉਸ ਨੂੰ ਆਪ ਜੀ ਨੇ ਬਹੁਤ ਕੁਛ ਦੇ ਕੇ ਦਰਿਦ੍ਰ ਦੂਰ ਕਰ ਦਿੱਤਾ।

## ੧੭. ਪੰਡਤਾਈ–

ਇਕ ਦਿਨ ਦੀਵਾਨ ਵਿਚ ਇਕ ਕਾਸ਼ੀ ਦਾ ਕਰਮਾਕਾਰੀ, ਬੜਾ ਪੜ੍ਹਿਆ ਹੋਇਆ, ਪੰਡਿਤ ਆ ਗਿਆ। ਉਸ ਨੇ ਆਪ ਦੇ ਦਾਨ ਦੇਣ ਤੇ ਚਤੁਰਾਈ ਦੀਆਂ ਗੱਲਾਂ ਸੁਣੀਆਂ ਸਨ। ਪਰਤਾਵਾ ਲੈਣ ਆ ਗਿਆ ਕਿ ਦੇਖਾਂ ਸੱਚ ਹਨ ਕਿ ਨਹੀਂ।

ਕਰਮਾ-ਕਾਰੀ ਆਖਦੇ ਹਨ, ਉਸ ਆਦਮੀ ਨੂੰ ਜੋ ਸ਼ਾਸਤ੍ਰਾਂ ਵਿਚ ਲਿਖੇ ਕਰਮ ਯਾ ਕੰਮ ਕਰਦਾ ਹੈ।

ਪੰਡਿਤ ਨੇ ਪ੍ਰਸ਼ਨ ਕਰ ਦਿੱਤਾ ਕਿ ਹੇ ਗੁਰੂ ਨੰਦਨ ਜੀਓ! ਆਪ ਦੇ ਪਿਤਾ ਪਿਤਾਮਾ ਜੀ ਤੇ ਆਪ ਜੀ ਖਤ੍ਰੀ ਹੋ, ਖਤ੍ਰੀ ਦਾ ਧਰਮ ਦਾਨ ਜਾਂ ਪੂਜਾ ਲੈਣਾ ਨਹੀਂ ਹੈ, ਇਹ ਪੂਜਾ ਲੈਣੀ ਬ੍ਰਾਹਮਣ ਦਾ ਹੱਕ ਹੈ।

ਤਦ ਬਾਲਾ ਪ੍ਰੀਤਮ ਜੀ ਤਾੜੀ ਮਾਰ ਕੇ ਹੱਸੇ ਤੇ ਬੋਲੇ: ਓਇ ਪੰਡਿਤਾ! ਅਸੀਂ ਪੂਜਾ ਨਹੀਂ ਲੈਂਦੇ, ਅਸਾਂ ਕੋਈ, ਠਾਕਰ ਦੁਆਰਾ, ਕੋਈ ਮੂਰਤੀ ਬਣਾ ਰੱਖੀ ਹੈ ਜੋ ਉਸ ਦੀ ਪੂਜਾ ਲੈਂਦੇ ਹਾਂ? ਅਸੀਂ ਅਕਾਲ ਪੁਰਖ ਦੇ ਬਾਲਕੇ ਹਾਂ; ਸ਼ਾਹਜ਼ਾਦੇ ਜਾਣ ਕੇ ਲੋਕੀਂ ਸਾਨੂੰ



www.AKJ.Org

ਨਜ਼ਰਾਂ ਦੇਂਦੇ ਹਨ । ਅਸੀਂ ਇਨ੍ਹਾਂ ਨਜ਼ਰਾਂ, ਭੇਟਾਂ ਨਾਲ ਗ਼ਰੀਬਾਂ ਨੂੰ ਪਾਲਦੇ ਹਾਂ, ਖੂਹ, ਬਾਉਲੀਆਂ ਲੁਆਂਦੇ ਹਾਂ, ਤਲਾ ਪਟਵਾਉਂਦੇ ਹਾਂ, ਧਰਮਸਾਲਾ ਤੇ ਧਰਮ ਮੰਦਰ ਉਸਾਰਦੇ ਹਾਂ। ਕੀਰਤਨ ਕਰਨ ਵਾਲੇ, ਕਥਾ ਕਰਨ ਵਾਲੇ, ਭਜਨ ਕਰਨ ਵਾਲੇ, ਲੋੜਵੰਦਾਂ ਦੀ ਪਾਲਣਾ ਕਰਦੇ ਹਾਂ। ਲੰਗਰ ਚਲਦਾ ਹੈ, ਜਿਥੋਂ ਹਰ ਜ਼ਾਤ ਦਾ, ਹਰ ਮਤ ਦਾ, ਹਰ ਆਇਆ ਬੰਦਾ ਰੋਟੀ ਖਾਂਦਾ ਹੈ। ਫੇਰ ਦੇਖ, ਲੋਕ ਨਾਮ ਦੇ ਜਾਚਕ (ਮੰਗਣ ਵਾਲੇ) ਹੋ ਕੇ ਆਉਂਦੇ ਹਨ, ਉਨ੍ਹਾਂ ਨੂੰ ਨਾਮ ਦਾਨ ਦੇਂਦੇ ਹਾਂ, ਜੋ ਸਿਰ ਦਾਨਾਂ ਦੇ ਦਾਨ ਹੈ। ਸਭ ਤੋਂ ਵਡਾ ਦਾਨ ਏਹ ਰਬ ਦਾ ਨਾਮੁ ਹੈ। ਲੋਕਾਂ ਤੋਂ ਮਾੜੇ ਕੰਮ ਤੇ ਪਾਪ ਕਰਮ ਛੁਡਾਉਂਦੇ ਹਾਂ। ਮੌਤ ਦਾ ਡਰ ਭੈ ਦੂਰ ਕਰਦੇ ਹਾਂ। ਸੰਗਤ ਵਿਚ ਬੈਠ ਕੇ ਸੰਗਤ ਦਾ ਦੁਖ ਸੁਖ ਵੰਡਦੇ ਹਾਂ। ਇਨ੍ਹਾਂ ਦੇ ਭਲੇ ਵਿਚ ਆਪਣੇ ਮਨ ਦਾ ਬਲ ਖਰਚ ਕਰਦੇ ਹਾਂ। ਅਸੀਸਾਂ ਦੇਂਦੇ ਹਾਂ, ਪਾਪ ਇਨ੍ਹਾਂ ਦੇ ਦਿਲਾਂ ਤੋਂ ਧੋ ਦੇਂਦੇ ਹਾਂ। ਗੱਲ ਕੀ ਧਰਮ, ਅਰਥ, ਕਾਮ, ਮੋਖ ਚਾਰੇ ਪਦਾਰਥਾਂ ਦੇ ਮੇਰੇ ਪਿਤਾਮਾ ਦਾਤਾ ਹੋ ਕੇ ਵਰਤਦੇ ਰਹੇ ਤੇ ਵਰਤ ਰਹੇ ਹਨ। ਅਰਥਾਤ ਮੇਰੇ ਵਡੇ ਆਪ ਦਾਨ ਕਰਦੇ ਰਹੇ ਹਨ। ਮੇਰੇ ਵਡੇ ਮੁਕਤੀ ਦੀ ਨਿਰੀ ਲਾਗ ਲਾਉਂਦੇ ਹੀ ਨਹੀਂ ਰਹੇ, ਸਚਮੁਚ ਮੁਕਤ ਕਰ ਦੇਂਦੇ ਰਹੇ ਹਨ । ਜਦ ਮੋਹ ਮਾਯਾ, ਹਉਮੈ ਤੋਂ ਛੁੱਟ ਕੇ ਜੀਵ ਈਸ੍ਵਰ ਪਰਾਯਣ ਹੋ ਜਾਂਦਾ ਹੈ ਤੇ ਉਸਦੀ ਲੱਖਤਾ* ਵਿਚ ਆ ਜਾਂਦਾ ਹੈ ਤਾਂ ਜੀਉਂਦੇ ਜ਼ੀ ਮੁਕਤ ਹੋ ਜਾਂਦਾ ਹੈ।

ਪੰਡਿਤ ਹਰਿਆਨ ਹੋ ਗਿਆ ਕਿ ਇਸ ਉਮਰੇ ਇਸ ਬਾਲਕੇ ਨੂੰ ਪਤਾ ਹੈ ਕਿ ਮੋਹ ਮਾਯਾ ਕੀ ਹੁੰਦੀ ਹੈ ਤੇ ਹਉਮੈ ਕੀ ਹੁੰਦੀ ਹੈ ਤੇ ਇਹ ਜਾਣਦਾ ਹੈ ਕਿ 'ਈਸ੍ਵਰ ਪਰਾਯਣ ਹੋਣਾ' ਕੀ ਹੁੰਦਾ ਏ। ਫੇਰ ਇਹ 'ਲੱਖਤਾ' ਤੇ 'ਮੁਕਤੀ' ਨੂੰ ਸਮਝਦਾ ਹੈ। ਤਦ ਉਸ ਦੇ ਮਨ ਵਿਚ ਬਾਲਾ ਪ੍ਰੀਤਮ ਜੀ ਨਾਲ ਬਹੁਤ ਪਿਆਰ ਆ ਗਿਆ ।

ਇਸ ਵੇਲੇ ਬਾਲਾ ਪ੍ਰੀਤਮ ਜੀ ਤਾੜੀ ਮਾਰ ਕੇ ਹੱਸੇ ਤੇ ਬੋਲੇ: ਹੇ ਪੰਡਿਤ ਜੀ, ਰਾਮ ਕ੍ਰਿਸ਼ਨ ਅਵਤਾਰ ਸਨ, ਬ੍ਰਾਹਮਣ ਸਨ ਕਿ ਖੱਤ੍ਰੀ ? ਓਹ ਖੱਤ੍ਰੀ ਸਨ ਕਿ ਨਾ ? ਬ੍ਰਾਹਮਣ ਹੋ ਕੇ ਉਹਨਾਂ ਨੂੰ ਕਿਉਂ ਪੂਜਦੇ ਹੋ ? ਫੇਰ ਹੱਸੇ : ਹੇ ਪੰਡਿਤਾ, ਜਨਕ ਖੱਤ੍ਰੀ ਸੀ ਕਿ ਬ੍ਰਾਹਮਣ ? ਦੱਸੋ ! ਹੈਂ ਓਸ ਖੱਤ੍ਰੀ ਕੋਲ ਬ੍ਰਾਹਮਣ ਸੁਕਦੇਉ ਬ੍ਰਹਮ ਗਯਾਨ ਸਿੱਖਣ ਕਿਉਂ ਗਿਆ ਤੇ ਪੂਜਾ ਕੀਤੀ ਸਾਸੁ ?

ਇਸ ਪ੍ਰਕਾਰ ਦੇ ਵਾਕ ਸੁਣ ਕੇ ਬ੍ਰਾਹਮਣ ਦੇ ਦੰਦ ਜੁੜ ਗਏ। ਆਖੇ: ਇਹ ਉਮਰਾ, ਇਹ ਗਯਾਨ, ਇਹ ਵਾਕ ਤੇ ਇਹ ਮਨ ਦਾ ਬਲ ! ਇਹ ਅਵਤਾਰ ਬਿਨਾਂ ਕਿਸ ਵਿਚ ਹੋ ਸਕਦਾ ਹੈ ! ਇਹ ਸਚ ਮੁਚ ਪਰਮੇਸੁਰ ਦਾ ਘੱਲਿਆ ਕੋਈ ਔਤਾਰ ਆਇਆ ਹੈ।

ਇਸ ਹੈਰਾਨੀ ਤੇ ਸ਼ਰਧਾ ਵਿਚ ਆ ਕੇ ਪੰਡਿਤ ਆਪ ਦੇ ਪੈਰਾਂ ਨੂੰ ਚੰਬੜ ਗਿਆ ਤੇ ਬੇਵਸ ਹੋ ਕੇ ਬੋਲਿਆ :—

ਤ੍ਰਾਹਿ ਮਾਂ, ਤ੍ਰਹਿ ਮਾਂ, ਤ੍ਰਾਹਿ ਮੈਂ†।

ਮੇਰੀ ਰਖਯਾ ਕਰ, ਮੇਰੀ ਰਖਯਾ ਕਰ, ਸ਼ਰਣ ਸ਼ਰਣ ਮੈਂ ਤੇਰੀ ਸ਼ਰਣ।

ਤਦ ਬਾਲਕੇ ਨੇ ਵਡੇ ਪੰਡਿਤ ਨੂੰ ਥਾਪੜਾ ਦੇ ਕੇ ਕਿਹਾ: ਪੰਡਿਤ ! ਪੂਜਾ, ਦਾਨ, ਤਪ, ਹਠ, ਜੋਗ ਦੀ ਥਾਂ ਨਾਮ ਜਪ, ਹਾਂ ਜਪ ਕਰ ਉਸ ਦੇ ਨਾਮ ਦਾ; ਦੇਖ ਸਮਾਂ ਕਲਜੁਗ ਦਾ ਹੈ।

ਇਸ ਪ੍ਰਕਾਰ ਦੇ ਕੌਤਕਾਂ ਨਾਲ ਕਾਂਸ਼ੀ ਵਿਚ ਬਹੁਤ ਮਸ਼ਹੂਰੀ ਹੋਈ, ਬੜੇ ਬੜੇ ਬੜੇ ਲੋਕ ਦਰਸ਼ਨ ਕਰਨ ਆਏ ਤੇ ਖੁਸ਼ ਹੋ ਹੋ ਕੇ ਗਏ।

['ਬਾਲਮ ਸਾਖ਼ੀਆਂ' ਵਿਚੋਂ ਧੰਨਵਾਦ ਸਹਿਤ

*ਜਿਵੇਂ ਵਗਦੀ ਹਵਾ ਗਲ੍ਹਾਂ ਨੂੰ ਲਗ ਲਗ ਕੇ ਮਲੂਮ ਕਰਾਉਂਦੀ ਹੈ ਕਿ ਮੈਂ ਹਵਾ ਹਾਂ, ਇਸ ਤਰ੍ਹਾਂ ਮਨ ਵਿਚ ਪ੍ਰਤੀਤ ਹੋ ਆਉਂਦਾ ਹੈ ਕਿ ਵਾਹਿਗੁਰੂ ਹੈ।

†ਇਸ ਪਦ ਤ੍ਰਾਹਿਮਾਂ ਦਾ ਅਰਥ ਹੈ—ਮੇਰੀ ਰਖਯਾ ਕਰ, ਮੈਂ ਤੇਰੀ ਸ਼ਰਨ ਹਾਂ।



www.AKJ.Org

# ਗੁਰੁ ਮੇਰੈ ਸੰਗਿ ਸਦਾ ਹੈ ਨਾਲੇ

ਨਾਗਪੁਰ ਜੇਲ੍ਹ ਦੀ ਤੰਗੋ-ਤਾਰੀਕ ਕੋਠੜੀ ਵਿਚ ਬੰਦ ਪਏ ਭਾਈ ਸਾਹਿਬ ਰਣਧੀਰ ਸਿੰਘ ਜੀ ਨਾਲ ਵਲੈਤੋਂ ਆਏ ਵੱਡੇ ਪਾਦਰੀ ਦੀ, ਅਖ਼ੀਰ ਅਪ੍ਰੈਲ ੧੯੩੦ ਵਿਚ ਹੋਈ ਮੁਲਾਕਾਤ, ਜੋ ਭਾਈ ਸਾਹਿਬ ਜੀ ਦੀ ਸ੍ਵੈ-ਜੀਵਨੀ 'ਜੇਲ੍ਹ ਚਿੱਠੀਆਂ' ਵਿਚ ਦਰਜ ਹੈ।

ਹਾਂ ਜੀ ! ਉਹ ਤੰਗ-ਤਾਰੀਕ ਕਾਲ ਕੋਠੜੀ ਹੈ ਜਿਥੇ ਦਿਨ ਰਾਤ ਅਕਾਲ ਅਕਾਲ ਦੀ ਧੁਨੀ ਅਜਪਾ ਜਾਪ ਦੀ ਟੇਰ ਵਿਚ ਅਭਿਆਗਤ ਰਹਿਣ ਕਰ ਅਚਰਜ ਰੁਣਝੁਣੀ ਗੁੰਜਾਰ ਬਣੀ ਰਹਿੰਦੀ ਹੈ। ਗੁਰੂ ਕਰਤਾਰ ਦੀ ਅਹਿਨਿਸ ਹਜ਼ੂਰੀ ਦਿੱਬ ਨਿਕਟਾਰੀ ਨੈਣ ਅਲੋਇਣੀ ਇਨਕਸ਼ਾਫ ਪ੍ਰਗਟ ਪਾਹਾਰੇ ਜਾਪਦਾ ਹੈ। ਨਾਫ਼ ਨਾਫ਼ੋਲੜੇ, ਮੁਸ਼ਕ ਝਕੋਲੜੇ, ਜਾਪ ਜਪੋਲੜੇ ਢੋਲੜੇ ਦਾ ਸਦਾ ਨਵਤਨ ਰੰਗੋਲੜਾ ਵਿਗਾਸ ਨਾਭ ਕੰਵਲ ਤੋਂ ਵਿਗਸ ਕੇ ਨਭ-ਮੰਡਲਾਂ ਵਿਚ ਪਸਰ ਜਾਂਦਾ ਹੈ। ਇਹ ਜੋਤਿ ਬਿਸ਼ਗੁਫਤਨੀ ਪਸਾਰਾ ਇਸ ਕਾਲ-ਕੋਠੜੀ ਨੂੰ ਝਿਲਮਿਲਾਤੀ ਭਉਣ ਗੁਫ਼ਾ ਬਣਾਈ ਰਖਦਾ ਹੈ—

ਜਿਉ ਪਸਰੀ ਸੂਰਜ ਕਿਰਣਿ ਜੋਤਿ ॥
ਤਿਉ ਘਟਿ ਘਟਿ ਰਮਈਆ ਓਤਿ ਪੋਤਿ ॥
[ਬਸੰਤ ਮ: ੪, ਪੰਨਾ ੧੧੭੭

ਵਾਲੇ ਗੁਰਵਾਕ ਭਾਵ ਦਾ ਨਜ਼ਾਰਾ ਬਝਿਆ ਰਹਿੰਦਾ ਹੈ। ਜੋਤਿ ਵਿਗਾਸੀ ਪਸਾਰੇ ਦਾ ਪਰਤੱਖ ਦਰਸਾਰਾ ਇਸ ਨੂਰ-ਕਿਰਨੀ ਨਜ਼ਾਰੇ ਦਾ ਤੱਤ ਪਰਮਾਰਥੀ ਭਾਵ-ਅਰਥ ਹੈ। ਇਸ ਪਰਤੱਖ ਜੋਤਿ ਪਸਾਰੜੇ, ਦਰਸ ਦਰਸਾਵੜੇ, ਨਿਕਟ ਨਜ਼ਾਰੜੇ ਨੂੰ ਪੇਖਿ ਪੇਖਿ ਅਹਿਨਿਸ ਦਿੱਬ ਦੀਦਨੀ ਲੋਇਨੜੀਆਂ ਖੀਵੜੀਆਂ ਰਹਿੰਦੀਆਂ ਹਨ।

ਇਕ ਦਿਨ ਇਸ ਖੀਵਨ ਖੀਵੜੀ ਰਸਕ ਬਿਸਮੀਵੜੀ ਲਟਕ ਵਿਚ ਜਿੰਦਰੇ ਬੰਦ ਕੋਠੀ ਦੇ ਜੰਗਲੇ ਪਾਸ ਅੰਦਰਵਾਰ ਖੜੇ ਖੜੋਤੇ ਦੀ ਹੀ ਲਿਵ-ਤਾਰ ਜੁੜ ਗਈ। ਉਥੇ ਖੜੇ ਨੂੰ ਧੁੱਪ ਆ ਗਈ। ਕੜਕਦੀ ਧੁੱਪ ਵਿਚ ਖੜੋਤੇ ਦੀ ਭੀ ਲਿਵ-ਮਗਨ ਤਾੜੀ ਨਾ ਖੁਲ੍ਹੀ। ਪਤਾ ਨਹੀਂ ਇਸ ਅਚੱਲ ਤੇ ਅਹਿੱਲ ਦਸ਼ਾ ਵਿਚ ਖੜੇ ਨੂੰ ਕਿਤਨਾ ਚਿਰ ਬੀਤ ਗਿਆ ਹੋਣਾ ਹੈ। ਉਦੋਂ ਹੀ ਪਤਾ ਲਗਾ ਕਿ ਕਿਸੇ ਨੇ ਮੋਢੇ ਤੋਂ ਫੜ ਕੇ ਮੰਝ ਲਿਵ ਪਥਰਾਈ ਮੂਰਤੀ ਨੂੰ ਆਣ ਹਲੂਣਿਆ, ਤਾਂ ਅਮੀਂ ਬੁਰੱਕੜੀਆਂ ਅਖੀਆਂ ਤਤ ਛਿਨੀ ਝਮੱਕੇ ਵਿਚ ਖੁਲ੍ਹ ਗਈਆਂ। ਉਘੜੀਆਂ ਅਖੀਆਂ ਦਾ ਝਾਤਿ ਤਾਂ ਕਿਸੇ ਪਾਸੇ ਪਵੇ ਨਾ, ਤ੍ਰਬਕ ਉਠੇ ਸੁਜਾਗੂਅੜੇ ਨੂੰ ਜਗਾਵਣਹਾਰਾ ਭੀ ਤ੍ਰਬਕ ਉਠਿਆ ਤੇ ਤ੍ਰਬਕ ਕੇ ਆਖਣ ਲਗਾ: (Excuse me) ਮੇਰੇ ਉਤੇ ਖਿਮਾ ਕਰਨੀ, ਮੈਂ ਮਜਬੂਰ ਹੋ ਕੇ ਹਲੂ-ਣਿਆ ਹੈ; ਪੰਦਰਾਂ ਮਿੰਟ ਤੋਂ ਅਧਿਕ ਹੋ ਗਏ ਹਨ ਕਿ ਬਾਹਰ ਦੇਖੋ ਸੈੱਲ ਯਾਰਡ (Cell yard) ਕੋਠੀ ਦੇ ਵੇਹੜੇ ਦੇ ਬੂਹੇ ਤੇ ਸਾਡੇ ਵਲਾਇਤੋਂ ਆਏ ਵਡੇ ਪਾਦਰੀ ਸਾਹਿਬ, ਹੋਰ ਅਫ਼ਸਰਾਂ ਸਮੇਤ ਖੜੇ ਹਨ। ਤੁਹਾਨੂੰ ਖ਼ਾਸ ਤੌਰ ਤੇ ਮਿਲਣ ਆਏ ਹਨ।

ਮੈਂ—ਬੂਹੇ ਬਾਹਰ ਖੜੋਤਿਆਂ ਮੁਲਾਕਾਤੀਆਂ ਵਲ ਝਾਕ ਕੇ ਆਖਿਆ ਕਿ ਅੰਦਰ ਆ ਜਾਓ, ਬਾਹਰ ਕਿਉਂ ਖੜੋਤੇ ਹੋ।

ਪਾਦਰੀ ਸਾਹਿਬ ਬੋਲੇ—ਅਛੇ ਤੋ ਹੋ ?

ਮੈਂ—ਅੰਦਰ ਹੀ ਆ ਕੇ ਪੁਛੋ, ਦੂਰੋਂ ਖੜੇ ਕੀ ਪੁਛਦੇ ਹੋ ? ਪਰ ਅੰਦਰਲੇ ਭੀੜੇ ਜਿਹੇ ਵੇਹੜੇ ਵਿਚ ਕੜਕਦੀ ਧੁੱਪ ਪੈਂਦੀ ਸੀ। ਓਹ ਬਾਹਰ ਕੰਧਾਂ ਦੀ ਛਾਵੇਂ ਖੜੋਤੇ ਸਨ। ਕੜਕਦੀ ਧੁੱਪ ਵਿਚ ਵੇਹੜੇ ਅੰਦਰ ਆ ਕੇ ਖੜੋਣ ਦਾ ਉਨ੍ਹਾਂ ਦਾ ਹੀਆ ਨਾ ਪਵੇ। ਸੁਪ੍ਰੰਟੈਂਡੰਟ ਨੇ ਇਹ ਔਕੜ ਸਮਝ ਕੇ ਮੇਰੇ ਜੰਗਲੇ ਦਾ ਜਿੰਦਰਾ ਖੁਲ੍ਹਵਾ ਦਿਤਾ ਅਤੇ ਮੈਨੂੰ ਅੰਦਰੋਂ ਬਾਹਰਵਾਰ ਉਨ੍ਹਾਂ ਛਾਵੇਂ ਖੜੋਤਿਆਂ ਪਾਸ ਲੈ ਗਏ। ਉਨ੍ਹਾਂ ਪਾਸ ਜਾਣ ਸਾਰ ਮੈਂ ਹੱਸ ਵਿਗੱਸ ਕੇ ਆਖਿਆ, "ਤੁਸੀਂ ਤਾਂ ਛਿਨ ਮਾਤਰ ਯਾ ਕੁਝ ਮਿੰਟਾਂ ਲਈ ਵੇਹੜੇ ਦੇ ਅੰਦਰ ਵੜਨੋਂ ਸੰਕੋਚਦੇ ਹੋ, ਅਸੀਂ ਵਰ੍ਹਿਆਂ ਬੱਧੀ ਹੀ ਗੁਜ਼ਰਾਨ ਕੀਤੀ ਹੈ।" ਪਾਦਰੀ ਸਾਹਿਬ ਮੇਰੇ



www.AKJ.Org

ਚੇਹਰੇ ਵਲ ਦੇਖ ਕੇ ਫੇਰ ਉਨ੍ਹਾਂ ਸਭਨਾਂ ਵਿਜ਼ੀਟਰਾਂ ਤੇ ਸੁਪ੍ਰੰਟੈਂਡੈਂਟ ਵਲ ਮੁਖ਼ਾਤਬ ਹੋ ਕੇ ਇਉਂ ਅੰਗਰੇਜ਼ੀ ਵਿਚ ਆਖਣ ਲਗੇ, ਚੇਹਰਾ ਤਾਂ ਇਸ ਦਾ ਬੜਾ ਵਿਗਸਣਾ ਚਮਕਣਾ (Fragrant flourishing) ਹੈ। ਬਥੇਰੇ ਪੁਲੀਟੀਕਲ ਕੈਦੀ ਹੁਣ ਤਾਈਂ ਮੈਂ ਡਿਠੇ ਹਨ, ਪਰ ਇਹ ਖ਼ਾਸ ਅਨੂਠੜਾ ਦ੍ਰਿਸ਼ਯ ਹੈ। ਫੇਰ ਮੇਰੇ ਵਲ ਮੁਖ਼ਾਤਬ ਹੋ ਕੇ ਆਖਣ ਲਗੇ–ਖ਼ੂਬ ਖ਼ੁਸ਼ ਹੋ ! ਬਹੁਤ ਤਕੜੇ ਹੋ ?

ਮੈਂ—ਸਤਿਗੁਰੂ ਦੀ ਕਿਰਪਾ ਹੈ।

ਇਸ ਵਕਫ਼ੇ ਵਿਚ ਸੁਪ੍ਰੰਟੈਂਡੈਂਟ ਨੇ ਪਾਦਰੀ ਸਾਹਿਬ ਨੂੰ ਸੁਝਾਇਆ ਕਿ ਇਹ ਅੰਗਰੇਜ਼ੀ ਭੀ ਜਾਣਦਾ ਹੈ, ਪਰ ਮੈਂ ਵਿਚੋਂ ਹੀ ਬੋਲ ਉਠਿਆ ਕਿ ਮੈਂ ਆਪਣੀ ਬੋਲੀ ਵਿਚ ਹੀ ਗੱਲਬਾਤ ਕਰਨ ਨੂੰ ਵਿਸ਼ੇਸ਼ਤਾ ਦਿੰਦਾ ਹਾਂ। ਇਸ ਪਰ ਉਨ੍ਹਾਂ ਗਹੁ ਕੀਤਾ ਯਾ ਨਾ ਕੀਤਾ, ਪਰ ਤਦ ਪਸਚਾਤ ਉਹ ਅੱਧ-ਪਚੱਧੀ ਘਰੜ ਬੋਲੀ ਹੀ ਬੋਲਦੇ ਰਹੇ। ਕਦੇ ਅੰਗਰੇਜ਼ੀ, ਕਦੇ ਹਿੰਦੀ, ਕਦੇ ਰਲੀ ਮਿਲੀ, ਪਰ ਮੈਂ ਤਾਂ ਨਿਰੋਲ ਆਪਣੀ ਬੋਲੀ ਵਿਚ ਹੀ ਉਤਰ ਦਿੰਦਾ ਰਿਹਾ। ਫੇਰ ਇਸ ਬਿਧ ਪਾਦਰੀ ਸਾਹਿਬ ਨੇ ਪ੍ਰਸ਼ਨ ਕਰਨੇ ਅਰੰਭੇ—

ਪਾ: ਸਾ:–ਇਸ ਕੋਠੀ ਵਿਚ ਕਿਤਨੇ ਚਿਰ ਤੋਂ ਰਹਿੰਦੇ ਹੋ ?

ਮੈਂ–ਲਗ ਪਗ ਨਾਗਪੁਰ ਜੇਲ੍ਹ ਨਿਵਾਸ ਦੇ ਸਾਰੇ ਵਰ੍ਹੇ ਹੀ ਏਥੇ ਏਸੇ ਕੋਠੜੀ ਵਿਚ ਹੀ ਗੁਜ਼ਾਰੇ ਹਨ। ਕੀ ਹੋ ਗਿਆ ਜੇ ਵਰ੍ਹਾ ਛੇ ਮਹੀਨੇ ਕਿਸੇ ਬਾਰਕ ਵਿਚ ਇਕੱਲੜੇ ਦੁਕੱਲੜੇ ਨੇ ਕਟੇ ਹੋਣ।

ਪਾ: ਸਾ:–ਇਸ ਜੇਲ੍ਹ ਵਿਚ ਆਇਆਂ ਕਿਤਨੇ ਬਰਸ ਹੋ ਗਏ ?

ਮੈਂ–ਮੇਰਾ ਹਿਸਟਰੀ ਟਿਕਟ ਹੀ ਵੇਖ ਲਵੋ।

ਹਿਸਟਰੀ ਟਿਕਟ ਜੇਲ੍ਹਰ (ਗੋਰੇ) ਨੇ ਪਾਦਰੀ ਸਾਹਿਬ ਦੇ ਪੇਸ਼ ਕੀਤਾ ਤਾਂ ਟਿਕਟ ਤੋਂ ਨਾਗਪੁਰ ਜੇਲ੍ਹ ਐਡਮਿਸ਼ਨ ਐਂਟਰੀ ਦੇਖ ਕੇ ਪਾਦਰੀ ਸਾਹਿਬ ਹੰਗੂਰੇ, ਹੂੰ ! ੧੯੨੨ ਦੇ ਅਖ਼ੀਰ ਵਿਚ ਇਸ ਜੇਲ੍ਹ ਵਿਖੇ ਆਏ, ਤਕਰੀਬਨ ਆਠ ਸਾਲ ਹੋ ਗਏ। ਫੇਰ ਮੈਨੂੰ ਮੁਖ਼ਾਤਬ ਹੋ ਕੇ ਪ੍ਰਸ਼ਨਣ ਲਗੇ :—

ਪਾ: ਸਾ:–ਦਿਨੇ ਕਿਤਨੇ ਘੰਟੇ ਇਸ ਕੋਠੀ ਵਿਚ ਤੁਹਾਨੂੰ ਰਖਿਆ ਜਾਂਦਾ ਹੈ ?

ਮੈਂ–ਦਿਨ ਰਾਤ ਏਸੇ ਕੋਠੀ ਵਿਚ ਰਹਿੰਦਾ ਹਾਂ।

ਪਾ: ਸਾ:–ਬਾਹਰ ਮੈਦਾਨ ਵਿਚ ਟਹਿਲਣ ਅਤੇ ਵਰਜ਼ਿਸ਼ ਕਰਨ ਲਈ ਕਿਤਨੇ ਘੰਟੇ ਮਿਲਦੇ ਹਨ ?

ਮੈਂ–ਕੋਈ ਭੀ ਨਹੀਂ, ਬਸ, ਏਸੇ ਕੋਠੜੀ ਦਾ ਵੇਹੜਾ ਮੇਰਾ ਮੈਦਾਨ ਹੈ; ਜੰਗਲੇ ਦਾ ਜਿੰਦਰਾ ਖੋਲ੍ਹ ਕੇ ਵੇਹੜੇ ਵਿਚ ਵਾੜ ਦਿੰਦੇ ਹਨ, ਵੇਹੜੇ ਵਿਚ ਤਾੜ ਕੇ ਬਾਹਰਲਾ ਬੂਹਾ ਮਾਰ ਦਿੰਦੇ ਹਨ। ਮੇਰੀਆ ਖਾਣ, ਪੀਣ, ਇਸ਼ਨਾਨ ਦੀਆਂ, ਹਾਜਤ ਰਫਾਈਆਂ ਜਦੋਂ ਇਸ ਵੇਹੜੇ ਵਿਚ ਵੜ ਕੇ ਹੋ ਜਾਂਦੀਆਂ ਹਨ ਤਾਂ ਫੇਰ ਅੰਦਰ ਤਾੜ ਦਿੰਦੇ ਹਨ।

ਪਾ: ਸਾ:–(ਜੇਲ੍ਹ ਕਰਮਚਾਰੀਆਂ ਵਲ ਘੂਰਵੀਂ ਤਾੜਨਾ ਸਹਿਤ ਮੁਖ਼ਾਤਬ ਹੋ ਕੇ) ਐਸਾ ਕਿਉਂ ਕੀਤਾ ਜਾਂਦਾ ਹੈ ?

ਜੇਲ੍ਹਰ:—ਪੰਜਾਬ ਗੌਰਮਿੰਟ ਵਲੋਂ ਹੀ ਇਹ ਸਖ਼ਤ ਤੰਬੀਹੀ ਹਦਾਇਤ ਹੈ ਕਿ ਏਹਨਾਂ ਨੂੰ ਆਮ ਕੈਦੀਆਂ ਵਿਚ ਰਲਣ ਮਿਲਣ ਨਹੀਂ ਦੇਣਾ, ਸਭ ਤੋਂ ਅਲਹਿਦਾ ਹੀ ਰਖਣਾ ਹੈ। ਐਥੋਂ ਤਕ ਕਿ ਜੇਲ੍ਹ ਅਫ਼ਸਰ ਭੀ ਕੋਈ ਇਕੱਲਾ ਇਸ ਪਾਸੇ ਆ ਜਾ ਨਹੀਂ ਸਕਦਾ। ਬਾਹਰ ਖੁੱਲ੍ਹਾ ਕਢਣ ਫੇਰਨ ਵਿਚ ਤਾਂ ਸਾਨੂੰ ਉਜ਼ਰ ਨਹੀਂ, ਪਰ ਅਸੀਂ ਤਾਂ ਹੁਕਮ ਦੀ ਤਾਮੀਲ ਹੀ ਕਰਦੇ ਹਾਂ।

ਪਾ: ਸਾ:–(ਫੇਰ ਮੈਨੂੰ ਮੁਖ਼ਾਤਬ ਹੋ ਕੇ) ਕੋਈ ਅਖ਼ਬਾਰ ਪੜ੍ਹਨ ਨੂੰ ਮਿਲਦਾ ਹੈ ?

ਮੈਂ–ਹਰਗਿਜ਼ ਨਹੀਂ, ਹਾਲਾਂਕਿ ਆਈ. ਜੀ. ਸਾਹਿਬ ਨੇ ਮਨਜ਼ੂਰੀ ਦਿਤੀ ਹੋਈ ਹੈ।

ਪਾ: ਸਾ:–(ਜੇਲ੍ਹ ਵਾਲਿਆਂ ਵਲ ਤਕ ਕੇ) ਜਦ ਮਨਜ਼ੂਰੀ ਹੋ ਗਈ ਹੈ ਤਾਂ ਫੇਰ ਤੁਸੀਂ ਤਾਮੀਲ ਕਿਉਂ ਨਹੀਂ ਕੀਤੀ ?

ਸੁਪ੍ਰੰ–ਕਈ ਕਾਨਫ਼ੀਡੈਨਸ਼ਲ (ਗੁਪਤ) ਕਾਰਨ ਹਨ।



www.AKJ.Org

ਪਾ: ਸਾ:—(ਮੈਨੂੰ) ਕੋਈ ਪੁਸਤਕ ਪੜ੍ਹਨ ਨੂੰ ਮਿਲਦੀ ਹੈ ?

ਮੈਂ—ਕੋਈ ਨਹੀਂ, ਸਗੋਂ ਮੇਰੀਆਂ ਨਿਜ ਦੀਆਂ ਧਾਰਮਿਕ ਪੁਸਤਕਾਂ ਭੀ ਜ਼ਬਤ ਕਰ ਲਈਆਂ ਹੋਈਆਂ ਹਨ, ਮੇਰਾ ਹਿਸਟਰੀ ਟਿਕਟ ਪੜ੍ਹ ਕੇ ਦੇਖੀਏ।

ਪਾ: ਸਾ:—ਰਾਤ ਕੋਠੀ ਵਿਚ ਸੌਂਦੇ ਹੋ ਕਿ ਵੇਹੜੇ ਵਿਚ ?

ਮੈਂ—(ਹੱਸ ਕੇ) ਇਨ੍ਹਾਂ ਤੋਂ ਹੀ ਪੁਛੋ।

ਜੇਲ੍ਹ ਵਾਲੇ—(ਯਕ-ਜ਼ਬਾਨ ਹੋ ਕੇ) ਰਾਤ ਨੂੰ ਬਾਹਰ ਵੇਹੜੇ ਵਿਚ ਕਿਸੇ ਭੀ ਪੁਲੀਟੀਕਲ ਜਾਂ ਇਖ਼ਲਾਕੀ ਕੈਦੀ ਨੂੰ ਸੌਣ ਦਾ ਹੁਕਮ ਨਹੀਂ।

ਪਾ: ਸਾ:—(ਫੇਰ ਮੇਰੀ ਵਲ ਭੌਂ ਕੇ) ਇਸ ਕੋਠੀ ਵਿਚ ਰਾਤ ਨੂੰ ਇਕੱਲੇ ਹੀ ਰਹਿੰਦੇ ਹੋ ?

ਮੈਂ—ਬਿਲਕੁਲ ਨਹੀਂ, ਮੈਂ ਇਕ ਛਿਨ ਭੀ ਇਕੱਲਾ ਨਹੀਂ ਰਹਿੰਦਾ।

ਸੁਪ੍ਰਿੰਟੈਂਡੈਂਟ ਤੇ ਜੇਲ੍ਹਰ—(ਦੋਨੋਂ ਭੁੜਕ ਕੇ)ਇਹ ਗੱਲ ਏਸ ਨੇ ਬਿਲਕੁਲ ਝੂਠੀ ਕਹੀ ਹੈ। ਇਹ ਇਕੱਲਾ ਹੀ ਕੋਠੀ ਵਿਚ ਰਹਿੰਦਾ ਹੈ।

ਮੈਂ—ਇਹ ਦੋਈ ਝੂਠੇ ਹਨ। ਮੈਂ ਕਦੀ ਭੀ ਇਕੱਲਾ ਨਹੀਂ ਰਹਿੰਦਾ, ਨਾ ਹੀ ਅਜ ਤਾਈਂ ਕਦੇ ਰਿਹਾ ਹਾਂ।

ਪਾ: ਸਾ:—(ਓਹਨਾਂ ਵਲ ਝਾਕ ਕੇ) ਕਿਉਂ ਸਾਹਿਬ, ਇਹ ਕੀ ਗੱਲ ਹੈ, ਤੁਸੀਂ ਕਿਉਂ ਐਸਾ ਕਹਿੰਦੇ ਹੋ ?

ਜੇਲ੍ਹ ਵਾਲੇ—ਸਾਹਿਬ, ਜੇਲ੍ਹ-ਰੂਲਾਂ ਅਨੁਸਾਰ ਕਿਸੇ ਕੋਠੀ ਵਿਚ ਰਾਤ ਨੂੰ ਇਕ ਤੋਂ ਵਧ ਕੈਦੀ ਬੰਦ ਨਹੀਂ ਕਰ ਸਕਦੇ। ਇਕ ਕੋਠੀ ਵਿਚ ਤਾਂ ਦੋ ਕੈਦੀ ਰਖਣ ਦਾ ਹੁਕਮ ਹੀ ਨਹੀਂ। ਅਸੀਂ ਆਪ ਨੂੰ ਜੇਲ੍ਹ ਦੇ ਰੂਲ ਰੈਗੂਲੇਸ਼ਨ ਦਿਖਾ ਸਕਦੇ ਹਾਂ। ਇਸ ਗੱਲ ਵਿਚ ਅਸੀਂ ਸੱਚੇ ਹਾਂ ਅਤੇ ਇਹ ਝੂਠਾ ਹੈ।

ਮੈਂ—(ਹੋਰ ਗੰਭੀਰ ਹੋ ਕੇ) ਮੈਂ ਸੱਚਾ ਹਾਂ, ਇਹ ਝੂਠੇ ਹਨ। ਗੁਰੂ ਦੇ ਸਿਖ ਨੂੰ ਝੂਠ ਬੋਲਣ ਦਾ ਹੁਕਮ ਨਹੀਂ।

ਪਾ: ਸਾ:—(ਸਾਰਿਆਂ ਵਲ ਮੁਖ਼ਾਤਬ ਹੋ ਕੇ) ਇਹ ਝਮੇਲਾ ਕਿਵੇਂ ਹੱਲ ਹੋਵੇ ! ਜ਼ਿਮੇਵਾਰ ਜੇਲ੍ਹ ਅਫਸਰਾਂ ਦੀ ਕਥਨੀ ਝੂਠੀ ਨਹੀਂ ਗਰਦਾਨੀ ਜਾ ਸਕਦੀ ਅਤੇ ਏਸ ਸਿਖ ਦੇ ਕਥਨ ਨੂੰ ਭੀ ਮੇਰੀ ਜ਼ਮੀਰ ਝੂਠਾ ਨਹੀਂ ਗੁਮਾਨ ਕਰ ਸਕਦੀ, ਜਿਸ ਸ਼ਖ਼ਸ ਨੂੰ ਦਿਲ-ਬਹਿਲਾਵੇ ਲਈ ਕੋਈ ਪੁਸਤਕ ਨਹੀਂ ਮਿਲਦੀ, ਕੋਈ ਅਖ਼ਬਾਰ ਨਹੀਂ ਮਿਲਦਾ, ਕਿਸੇ ਨਾਲ ਮੇਲ ਜੋਲ ਅਤੇ ਗੱਲ ਬਾਤ ਕਰਨ ਦਾ ਅਵਸਰ ਨਹੀਂ ਮਿਲਦਾ,ਓਹ ਏਹਦੇ ਵਰਗੀ ਜੀਉਣੀ ਜੀਉ ਕੇ ਜ਼ਿੰਦਾ ਨਹੀਂ ਰਹਿ ਸਕਦਾ। ਦੇਖੋ, ਇਸ ਦਾ ਚਿਹਰਾ ਕੈਸਾ ਬਸ਼ਾਸ਼ ਹੈ। ਇਸ ਦੇ ਚੇਹਰੇ ਉਤੇ ਕੋਈ ਮਲਾਲ ਨਹੀਂ, ਸਗੋਂ ਜਲਾਲ ਹੀ ਜਲਾਲ ਹੈ। ਤੰਗ ਤਾਰੀਕ ਕੋਠੜੀ ਵਿਚ ਸਾਲਾਂ ਬੱਧੀ ਇਕੱਲਾ ਬੰਦ ਰਹਿ ਕੇ ਕਿਸੇ ਬੰਦੇ ਬਸ਼ਰ ਦੇ ਚੇਹਰੇ ਉਤੇ ਇਹ ਸੁਰਜੀਤਨੀ ਨਹੀਂ ਰਹਿ ਸਕਦੀ, ਤਾਂਤੇ ਮੈਂ ਇਸ ਦੇ ਕਥਨ ਨੂੰ ਝੂਠਾ ਨਹੀਂ ਅਨਮਾਨ ਕਰ ਸਕਦਾ। ਇਹ ਘੁੰਡੀ ਕਿਵੇਂ ਖੁੱਲ੍ਹੇ ! (ਦੋ ਚਾਰ ਮਿੰਟ ਹੈਰਾਨੀ ਵਿਚ ਚੁਪ ਕੀਤਾ ਖੜੋਤਾ ਰਿਹਾ। ਹੋਰ ਵੀ ਕੋਈ ਨਾ ਕੁਸਕੇ) ਓੜਕ ਰਹਿ ਰਹਿ ਕੇ ਫੇਰ ਮੈਨੂੰ ਪੁੱਛਣ ਲਗਾ:—

ਪਾ: ਸਾ:—ਮੈਂ ਤੁਹਾਡੇ ਕਥਨ ਨੂੰ ਭੀ ਝੂਠਾ ਨਹੀਂ ਸਮਝ ਸਕਦਾ ਅਤੇ ਏਹਨਾਂ ਜ਼ਿੰਮੇਵਾਰ ਜੇਲ੍ਹ-ਅਫ਼ਸਰਾਂ ਦੇ ਬਿਆਨ ਨੂੰ ਭੀ ਝੂਠਾ ਨਹੀਂ ਗਰਦਾਨ ਸਕਦਾ। ਤੁਸੀਂ ਹੀ ਭੇਦ ਨੂੰ ਨਿਖਾਰ ਕੇ ਖੋਲ੍ਹੋ ਕਿ ਤੁਸੀਂ ਇਕੱਲੇ ਨਹੀਂ ਰਹਿੰਦੇ ਤਾਂ ਹੋਰ ਤੁਹਾਡੇ ਪਾਸ ਕੌਣ ਰਹਿੰਦਾ ਹੈ ?

ਪਾਦਰੀ ਸਾਹਿਬ ਦਾ ਇਹ ਪ੍ਰਸ਼ਨ ਸੁਣ ਕੇ ਦਾਸ ਦੀ ਬਿਰਤੀ ਵਜਦ ਵਿਚ ਆ ਗਈ। ਇਕ ਅਗੰਮੀ ਸਰੂਰ ਭਰਿਆ ਸਰੋਦ ਉਠਿਆ ਅਤੇ ਬੇਵਸੇ ਹੋ ਕੇ ਇਕ ਦਿਲ-ਚੀਰਵੀਂ ਅਤੇ ਗੂੰਜਵੀਂ ਗੁੰਜਾਰ ਵਿਚ ਇਸ ਗੁਰ-ਸ਼ਬਦ ਦਾ ਕੀਰਤਨ ਮੂੰ ਮੁਖਾਰ ਚੋਂ ਗੂੰਜ ਨਿਕਲਿਆ—"ਗੁਰੁ ਮੇਰੇ ਸੰਗਿ ਸਦਾ ਹੈ ਨਾਲੇ ॥

ਸਿਮਿਰਿ ਸਿਮਰਿ ਤਿਸੁ ਸਦਾ ਸਮ੍ਾਲੇ":—

ਆਸਾ ਘਰ ੭ ਮਹਲਾ ੫

ਹਰਿ ਕਾ ਨਾਮੁ ਰਿਦੈ ਨਿਤ ਧਿਆਈ ॥
ਸੰਗੀ ਸਾਥੀ ਸਗਲ ਤਰਾਈ ॥ ੧ ॥



www.AKJ.Org

ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥
ਸਿਮਰਿ ਸਿਮਰਿ ਤਿਸੁ ਸਦਾ ਸਮਾਲੇ ॥ ੧ ॥
ਰਹਾਉ ॥ ਤੇਰਾ ਕੀਆ ਮੀਠਾ ਲਾਗੈ ॥
ਹਰਿ ਨਾਮੁ ਪਦਾਰਥੁ ਨਾਨਕੁ ਮਾਗੈ ॥ ੨ ॥
੪੨ ॥ ੯੩ ॥

ਇਕ ਸਕਤੇ ਦਾ ਆਲਮ ਛਾ ਗਿਆ। ਸਾਰੇ ਖੜੇ ਖੜੋਤੇ ਬੁੱਤ ਬਣ ਗਏ, ਮਾਨੋ ਮਾਨਸ ਦੇਹ ਕਲਬੂਤੀ ਮੂਰਤੀਆਂ ਹਨ। ਸ਼ਬਦ ਦੀ ਇਕ ਇਕ ਤੁਕ ਦੇ ਕੀਰਤਨ ਪਸਚਾਤ ਮੁੜ ਮੁੜ ਉਪਰ ਲਿਖੀ 'ਰਹਾਉ' ਵਾਲੀ ਤੁਕ ਕੀਰਤਨ ਹੋ ਕੇ ਭੋਗ ਪਿਆ ਤਾਂ ਕਈ ਮਿੰਟ ਹੋਰ ਸੱਨਾਟਾ ਛਾਇਆ ਰਿਹਾ। ਕੋਈ ਨਾ ਕੂਏ, ਨਾ ਤਕੇ, ਨਾ ਅੱਖ ਝਮਕੇ, ਮਾਨੋ ਸਾਰੇ ਹੀ ਚੁਪ ਚੁਪੇਣੇ ਸਰੂਰ ਦਾ ਰਸ ਮਾਣ ਰਹੇ ਹਨ। ਓੜਕ ਪਾਦਰੀ ਸਾਹਿਬ ਨੇ ਇਸ ਬਿਧ ਉਚਾਰ ਕੇ ਇਸ ਤਾਰੀ ਹੋਏ ਆਲਮੇ ਸਕੂਤ ਨੂੰ ਤੋੜਿਆ।

ਪਾ: ਸਾ:-"ਆਹਾ! ਖ਼ੂਬ ਮੁਇੱਮਾ ਹੱਲ ਹੋਇਆ, ਬਹੁਤ ਖ਼ੂਬ। (ਮੇਰੇ ਵਲ) ਅਛਾ ਹੁਣ ਅਸੀਂ ਸਮਝੇ ਆਪ ਦੀ ਬੁਝਾਰਤ ਨੂੰ, ਆਪ ਦਾ ਗੁਰੂ ਆਪ ਦੇ ਹਰ ਦਮ ਅੰਗ ਸੰਗ ਰਹਿੰਦਾ ਹੈ। ਆਪ ਭੀ ਸੱਚੇ ਅਤੇ ਜੇਲ੍ਹ ਵਾਲੇ ਭੀ ਸੱਚੇ, ਪਰ ਅਸੀਂ ਆਪ ਦੇ ਸੱਚ ਨੂੰ ਹੋਰ ਨਿਤਾਰਨਾ ਚਾਹੁੰਦੇ ਹਾਂ।" ਇਹ ਕਹਿ ਕੇ ਉਸ ਨੇ ਜੇਲ੍ਹ-ਕਰਮਚਾਰੀਆਂ ਤੋਂ ਲਾਗ ਦੀਆਂ ਦੋ ਕੋਠੀਆਂ ਵਲ ਇਸ਼ਾਰਾ ਕਰਕੇ ਪੁਛਿਆ:-ਏਨ੍ਹਾਂ ਦੋਹਾਂ ਕੋਠੀਆਂ ਵਿਚ ਕਉਣ ਕਉਣ ਰਹਿੰਦਾ ਹੈ, ਬੁਲਾਉ ਉਨ੍ਹਾਂ ਨੂੰ?

ਜੇਲ੍ਹ ਵਾਲੇ-ਜਨਾਬ ਪਾਦਰੀ ਸਾਹਿਬ, ਦਿਨੇ ਤਾਂ ਇਹ ਕੋਠੀਆਂ ਖ਼ਾਲੀ ਹੀ ਰਹਿੰਦੀਆਂ ਹਨ, ਏਨ੍ਹਾਂ ਵਿਚ ਕੋਈ ਕੈਦੀ ਨਹੀਂ ਬੰਦ ਕੀਤਾ ਜਾਂਦਾ, ਰਾਤ ਨੂੰ ਬੰਦ ਕੀਤੇ ਜਾਂਦੇ ਹਨ।

ਪਾ; ਸਾ:-ਰਾਤ ਨੂੰ ਕਿਉਂ ਬੰਦ ਹੁੰਦੇ ਹਨ? ਕਉਣ ਬੰਦ ਹੁੰਦੇ ਹਨ? ਕੋਈ ਖ਼ਾਸ ਸਜ਼ਾ ਵਾਲੇ, ਯਾ ਜਿਸ ਨੂੰ ਮੁਨਾਸਬ ਸਮਝੋ।

ਜੇਲ੍ਹ ਵਾਲੇ-ਨਹੀਂ ਹਜ਼ੂਰ! ਜਿਨ੍ਹਾਂ ਕੈਦੀਆਂ ਨੂੰ ਜੇਲ੍ਹ ਵਲੋਂ ਯਾ ਮੈਜਿਸਟ੍ਰੇਟ ਵਲੋਂ ਕੋਠੀਬੰਦ ਦੀ ਸਜ਼ਾ ਹੂੰਦੀ ਹੈ, ਉਹ ਤਾਂ ਦਿਨੇ ਭੀ ਬੰਦ ਰਹਿੰਦੇ ਹਨ।

ਪਾ: ਸਾ:-ਇਹ ਦਿਨ ਰਾਤ ਇਕੱਲੀ ਬੰਦਸ਼ (Solitary Confinement) ਦੀ ਸਜ਼ਾ ਵਧ ਤੋਂ ਵਧ ਇਸ ਸੂਬੇ ਦੇ ਜੇਲ੍ਹਾਂ ਦੀ ਕਿਹੜੀ ਦਫਾ ਅਨੁਸਾਰ ਅਤੇ ਕਿਤਨੇ ਦਿਨ ਤਾਈਂ ਦਿਤੀ ਜਾਂਦੀ ਹੈ?

ਜੇਲ੍ਹਰ-ਵਧ ਤੋਂ ਵਧ ਇਕ ਮਹੀਨਾ।

ਪਾ: ਸ:-ਅਛਾ, ਕੋਈ ਐਸੇ ਕੈਦੀ ਭੀ ਹੁੰਦੇ ਹਨ ਜਿਨ੍ਹਾਂ ਨੂੰ ਸਿਰਫ਼ ਰਾਤ ਨੂੰ ਹੀ ਬੰਦ ਰਹਿਣ ਦੀ ਸਜ਼ਾ ਹੁੰਦੀ ਹੈ ਅਤੇ ਦਿਨੇ ਖੁਲ੍ਹੇ ਰਖੇ ਜਾਂਦੇ ਹਨ?

ਜੇਲ੍ਹਰ-ਨਹੀਂ ਹਜ਼ੂਰ! ਵੈਸੇ ਤਾਂ ਕੋਈ ਨਹੀਂ।

ਪਾ: ਸਾ:-ਫੇਰ ਏਨ੍ਹਾਂ ਦੋਹਾਂ ਲਾਗਲੀਆਂ ਕੋਠੀਆਂ ਵਿਚ ਜੋ ਕੈਦੀ ਰਾਤ ਨੂੰ ਬੰਦ ਰਹਿੰਦੇ ਹਨ, ਕਿਸ ਸਜ਼ਾ ਕਰਕੇ ਬੰਦ ਰਹਿੰਦੇ ਹਨ?

ਜੇਲ੍ਹਰ-ਹਜ਼ੂਰ! ਸਜ਼ਾ ਤਾਂ ਕੋਈ ਨਹੀਂ, ਚੂੰਕਿ ਜੇਲ੍ਹ ਰੂਲ ਅਨੁਸਾਰ ਰਾਤ ਨੂੰ ਕੋਈ ਭੀ ਕੋਠੀ ਖਾਲੀ ਨਹੀਂ ਰਖੀ ਜਾ ਸਕਦੀ, ਲਾਜ਼ਮੀ ਤੌਰ ਤੇ ਉਸ ਦੇ ਅੰਦਰ ਕੋਈ ਨਾ ਕੋਈ ਕੈਦੀ ਰਾਤ ਨੂੰ ਬੰਦ ਰਖਣਾ ਹੀ ਪੈਂਦਾ ਹੈ। ਸੋ ਅਸੀਂ ਵਾਰੀ ਅਨੁਸਾਰ ਹਰੇਕ ਰਾਤ ਬਦਲਵੇਂ ਕੈਦੀ ਇਕ ਇਕ ਕਰਕੇ ਏਨ੍ਹਾਂ ਕੋਠੀਆਂ ਵਿਚ ਬੰਦ ਕਰਦੇ ਰਹਿੰਦੇ ਹਾਂ।

ਪਾ: ਸਾ:-ਹਰ ਰਾਤ ਨੂੰ ਬਦਲੀ ਕਿਉਂ ਕਰਦੇ ਹੋ? ਇਕੋ ਕੈਦੀ ਨੂੰ ਕਿਉਂ ਨਹੀਂ ਹਰ ਰੋਜ਼ ਬੰਦ ਕਰਦੇ?

ਜੇਲ੍ਹਰ-ਜਬਰਨ ਕਿਸੇ ਕੈਦੀ ਨੂੰ ਬਹੁਤੀਆਂ ਰਾਤਾਂ ਲਈ ਕੋਠੀ ਅੰਦਰ ਬੰਦ ਨਹੀਂ ਰਖਦੇ। ਇਕ ਅੱਧੀ ਰਾਤ ਲਈ ਤਾਂ ਸਾਰੇ ਖ਼ੁਸ਼ੋ ਖ਼ੁਸ਼ੀ ਬੰਦ ਆ ਹੁੰਦੇ ਹਨ।

ਮੈਂ-ਖ਼ੁਸ਼ੋ ਖ਼ੁਸ਼ੀ ਤਾਂ ਕੋਈ ਕੈਦੀ ਇਕ ਰਾਤ ਭੀ ਕੋਠੀ ਬੰਦ ਨਹੀਂ ਹੋਣਾ ਚਾਹੁੰਦਾ। ਜ਼ਰਾ ਏਨ੍ਹਾਂ ਕੋਠੀਆਂ ਵਿਚ ਇਕ ਰਾਤ ਲਈ ਬੰਦ ਰਹਿ ਚੁਕੇ ਕੈਦੀਆਂ ਨੂੰ ਤਾਂ ਪੁਛ ਕੇ ਦੇਖੋ ਕਿ ਕੀ ਅਗੇ ਨੂੰ ਉਹ ਖ਼ੁਸ਼ੋ ਖ਼ੁਸ਼ੀ ਬੰਦ ਹੋਣ ਨੂੰ ਤਿਆਰ ਹਨ ਕਿ ਨਹੀਂ?

ਇਸ ਪਰ ਪਾਦਰੀ ਸਾਹਿਬ ਨੇ ਕੋਠੀਆਂ ਦਾ ਗੋਸ਼ਵਾਰਾ ਮੰਗਵਾਇਆ, ਸਚ ਮੁਚ ਜਦ ਦੇਖਿਆ ਤਾਂ ਇਕ ਕੋਠੀ ਅੰਦਰ ਇਕ ਰਾਤ ਤੋਂ ਵਧ ਕਿਸੇ ਇਕ



www.AKJ.Org

ਕੈਦੀ ਦੀ ਹਾਜ਼ਰੀ ਲਿਖੀ ਹੋਈ ਨ ਮਿਲੀ। ਖ਼ੈਰ, ਉਸ ਨੇ ਪਿਛਲੇ ਹਫਤੇ ਦੀ ਹਾਜ਼ਰ ਬਾਸ਼ ਬੰਦੀ ਦੇ ਪੰਜ ਸਤ ਕੈਦੀ ਆਪਣੇ ਸਾਮ੍ਹਣੇ ਪੇਸ਼ ਕਰਾਏ ਅਤੇ ਇਕੱਲੇ ਇਕੱਲੇ ਨੂੰ ਅਡੋ ਅਡੀ ਪੁਛਿਆ, "ਰਾਤ ਨੂੰ ਤੁਹਾਡੀ ਕੋਠੀ ਅੰਦਰ ਕੈਸੀ ਗੁਜ਼ਰਦੀ ਹੈ ? ਇਕ ਰਾਤ ਕੋਠੀ ਅੰਦਰ ਰਹਿ ਕੇ ਤੁਸੀਂ ਦੂਜੀ ਰਾਤ ਬੰਦ ਹੋਣਾ ਕਿਉਂ ਪਸੰਦ ਨਹੀਂ ਕਰਦੇ ?" ਸਾਰਿਆਂ ਨੇ ਵਾਰੋ ਵਾਰੀ ਦੁਹਾਈ ਪਾ ਪਾ ਕੇ ਬਿਆਨ ਦਿਤੇ: "ਹਜ਼ੂਰ ! ਦੁਹਾਈ ਹੈ, ਕੋਠੀ ਵਿਚ ਬੰਦ ਰਹਿਣਾ ਬਹੁਤ ਔਖਾ ਹੈ। ਅਸੀਂ ਤਾਂ ਮਸਾਂ ਇਕ ਰਾਤ ਕਟਦੇ ਹਾਂ। ਖਿਨ ਖਿਨ ਪਲ ਪਲ ਹੋਲ ਉਠਦੇ ਰਹਿੰਦੇ ਹਨ। ਇਕੱਲ ਦੀ ਹੌਲ-ਦਿਲੀ ਇਕ ਪਲ ਭੀ ਚੈਨ ਨਹੀਂ ਲੈਣ ਦਿੰਦੀ।"

ਇਸ ਬਿਧ ਸਭ ਹਾਲ ਹਕੀਕਤ ਕੈਦੀਆਂ ਦੀ ਮੂੰਹ ਜ਼ਬਾਨੀ ਦਰਿਆਫ਼ਤ ਕਰ ਕੇ ਪਾਦਰੀ ਸਾਹਿਬ ਨੇ ਆਪਣੇ ਮਨ ਵਿਚ ਠਾਣ ਲਈ ਕਿ ਇਸ ਕੋਠੀ ਅੰਦਰ ਇਕ ਰਾਤ ਬੰਦ ਰਹਿ ਕੇ ਖ਼ੁਦ ਤਜਰਬਾ ਕਰਨਾ ਹੈ। ਸੋ ਪਾਦਰੀ ਸਾਹਿਬ ਨੇ ਜੇਲ੍ਹ ਕਰਮਚਾਰੀਆਂ ਤੋਂ ਪੁਛਿਆ ਕਿ ਮੈਂ ਇਕ ਰਾਤ ਜ਼ਰੂਰ ਏਨ੍ਹਾਂ ਕੋਠੀਆਂ ਵਿਚੋਂ ਇਕ ਕੋਠੀ ਵਿਚ ਖ਼ੁਦ ਬੰਦ ਰਹਿ ਕੇ ਦੇਖਣਾ ਚਾਹੁੰਦਾ ਹਾਂ।

ਜੇਲ੍ਹ ਵਾਲੇ—ਹਜ਼ੂਰ ! ਐਸਾ ਕੈਸੇ ਹੋ ਸਕਤਾ ਹੈ। ਆਪ ਨੂੰ ਸਰਕਾਰੀ ਹੁਕਮ ਤੋਂ ਬਿਨਾਂ ਅਸੀਂ ਕੈਸੇ ਬੰਦ ਕਰ ਸਕਦੇ ਹਾਂ।

ਪਾ. ਸਾ:—ਮੈਂ ਖ਼ੁਦ ਆਪਣੀ ਖ਼ੁਸ਼ੀ ਅਤੇ ਰਜ਼ਾ-ਮੰਦੀ ਨਾਲ ਤਜਰਬੇ ਵਜੋਂ ਸਿਰਫ਼ ਇਕ ਰਾਤ ਹੀ ਬੰਦ ਰਹਾਂਗਾ।

ਜੇਲ੍ਹ ਵਾਲਿਆਂ ਨੇ ਪਾਦਰੀ ਸਾਹਿਬ ਦਾ ਨਾ ਟਲਣ ਵਾਲਾ ਦ੍ਰਿੜ੍ਹ ਇਰਾਦਾ ਦੇਖ ਕੇ ਸਿਰਫ਼ ਇਤਨਾ ਹੀ ਮੰਨਿਆ ਕਿ ਰਾਤ ਨੂੰ ਤਾਂ ਕਿਸੇ ਸੂਰਤ ਵਿਚ ਭੀ ਐਸਾ ਨਹੀਂ ਹੋ ਸਕਦਾ। ਹਾਂ ਤਜਰਬੇ ਵਜੋਂ ਇਕ ਅੱਧ ਘੰਟੇ ਲਈ ਆਪ ਦਿਨ ਦੇ ਸਮੇਂ ਬਦ ਰਹਿ ਕੇ ਦੇਖ ਸਕਦੇ ਹੋ।

ਪਾ: ਸਾ:—ਅਛਾ ਏਵੇਂ ਹੀ ਸਹੀ, ਘਟ ਤੋਂ ਘਟ ਤੀਨ ਘੰਟੇ ਜ਼ਰੂਰ ਅੰਦਰ ਬੰਦ ਹੋ ਕਰ ਹਮ ਦੇਖੇਗਾ। ਜੇਲ੍ਹ ਵਾਲੇ ਬੜੇ ਘਬਰਾਏ, ਇਕ ਦੂਜੇ ਦੇ ਮੂੰਹ ਵਲ ਤਕਣ। ਮੈਂ ਬੋਲਿਆ:—ਘਬਰਾਉਂਦੇ ਕਿਉਂ ਹੋ, ਦੇਖ ਤਾਂ ਲੈਣ ਦਿਓ। ਪਾਦਰੀ ਸਾਹਿਬ ਤੋਂ ਤਾਂ ਇਕ ਘੰਟਾ ਭੀ ਨਹੀਂ ਕਟ ਹੋਣਾ, ਮਸਾਂ ਅੰਦਰ ਅੱਧਾ ਘੰਟਾ ਭੀ ਨਹੀਂ ਕਟਣਗੇ। ਤੁਹਾਡਾ ਕੀ ਖ਼ਰਚ ਹੁੰਦਾ ਹੈ, ਏਨ੍ਹਾਂ ਨੂੰ ਤਜਰਬਾ ਕਰ ਲੈਣ ਦੇਵੋ।

ਪਾ: ਸਾ:—ਹਾਂ, ਜ਼ਰੂਰ ! ਜ਼ਰੂਰ !! ਤਜਰਬਾ ਕਰ ਕੇ ਦੇਖੇਗਾ।

ਗੱਲ ਕੀ, ਪਾਦਰੀ ਸਾਹਿਬ ਤਿਆਰ ਹੋ ਗਏ। ਮੈਂ ਹੱਸ ਕੇ ਆਖਿਆ, 'ਸੁਆਦ ਤਾਂ ਤਾਹੀਓਂ ਆਉਂਦਾ ਜੇ ਆਪ ਕੈਦੀਆਂ ਵਾਲਾ ਵੇਸ ਧਾਰ ਕੇ ਹੀ ਅੰਦਰ ਵੜਦੇ, ਪਰ ਏਤਨਾ ਏਨ੍ਹਾਂ (ਜੇਲ੍ਹ ਅਫ਼ਸਰਾਂ) ਨੇ ਕਰਨ ਨਹੀਂ ਦੇਣਾ।' ਝਟ ਹੀ ਫੈਸਲਾ ਹੋ ਗਿਆ ਕਿ ਮੇਰੇ ਲਾਗੇ ਹੀ ਤੀਜੀ ਕੋਠੀ ਵਿਚ ਪਾਦਰੀ ਸਾਹਿਬ ਬੰਦ ਹੋ ਕੇ ਤਿੰਨ ਘੰਟੇ ਰਹਿਣਗੇ। ਪਾਦਰੀ ਸਾਹਿਬ ਬੰਦ ਹੋਣ ਲਈ ਕੋਠੀ ਵਿਚ ਵੜਨ ਹੀ ਲਗੇ ਸਨ ਕਿ ਮੈਂ ਇਕ ਗੱਲ ਉਹਨਾਂ ਦੇ ਕੰਨ ਵਿਚ ਆਖੀ ਕਿ ਕੋਠੀ ਦੇ ਅੰਦਰਵਾਰ ਇਕ ਲੋਹੇ ਦੀ ਤਾਰ ਕੰਧ ਵਿਚਦੀ ਬਾਹਰਵਾਰ ਨੂੰ ਨਿਕਲਵੀਂ ਲਟਕਵੀਂ ਦਿਸਦੀ ਹੈ, ਉਸ ਦੇ ਬਾਹਰਲੇ ਸਿਰੇ ਨੂੰ ਘੰਟੀ ਬੰਨ੍ਹੀ ਹੋਈ ਹੈ, ਜਦੋਂ ਆਪ ਜੀ ਦਾ ਜੀਅ ਉਕਤਾ ਜਾਵੇ ਜਾਂ ਕੋਈ ਤਕਲੀਫ਼ ਪਰਤੀਤ ਕਰੋ ਤਾਂ ਤੁਸੀਂ ਲੋਹੇ ਦੀ ਤਾਰ ਨੂੰ ਖਿਚਣਾ ਤੇ ਉਸ ਦੇ ਛਡਣ ਪਰ ਘੰਟੀ ਖੜਕ ਪਏਗੀ ਅਤੇ ਸੈਲ ਬਲਾਕ ਦਾ ਇੰਨਚਾਰਜ ਸਿਪਾਹੀ ਝਟ ਆਪ ਦੇ ਪਾਸ ਹਾਜ਼ਰ ਹੋ ਜਾਵੇਗਾ। ਪਾਦਰੀ ਸਾਹਿਬ ਨੇ ਮੇਰੀ ਇਹ ਗੱਲ ਸੁਣ ਕੇ ਮੇਰਾ ਧੰਨਵਾਦ ਕੀਤਾ ਅਤੇ ਆਪ ਕੋਠੀ ਵਿਚ ਜਾ ਬੰਦ ਹੋਏ ਅਤੇ ਮੈਂ ਭੀ ਕੋਠੀ ਵਿਚ ਬੰਦ ਜਾ ਹੋਇਆ। ਜਿੰਦਰੇ ਲਾ ਕੇ ਸਾਰੇ ਜੇਲ੍ਹ-ਅਫ਼ਸਰ, ਸਿਪਾਹੀ, ਪਹਿਰੇਦਾਰ ਦੂਰ ਹਟ ਗਏ ਅਤੇ ਜੇਲ੍ਹ-ਅਫ਼ਸਰ ਖ਼ਾਸ ਕਰਕੇ (ਆਕਟੇਗਨ ਆਫ਼ਸ) ਗੋਲ ਦੇ ਦਫ਼ਤਰ ਵਿਚ ਜਾ ਬੈਠੇ। ਘੰਟੇ ਦੇ ਅੰਦਰ ਅੰਦਰ ਹੀ ਪਾਦਰੀ ਸਾਹਿਬ ਨੇ ਆਪਣੀ ਕੋਠੀ ਦੀ ਘੰਟੀ ਦਬਾ ਦਬ ਖੜਕਾਉਣੀ ਆਰੰਭ ਦਿਤੀ, ਜਿਸ ਤਰ੍ਹਾਂ ਅੱਗ ਲੱਗੀ ਤੋਂ ਅਲਾਰਮ ਘੰਟੀ ਖੜਕਦੀ ਹੁੰਦੀ ਹੈ। ਗੋਲ



www.AKJ.Org

ਇੰਨਚਾਰਜ ਅਫ਼ਸਰ ਦੌੜ ਕੇ ਆਇਆ। ਅੰਦਰੋਂ ਪਾਦਰੀ ਸਾਹਿਬ ਵੀ ਜ਼ੋਰੋ ਜ਼ੋਰ, ਛੇਤੀ ਛੇਤੀ ਅਵਾਜ਼ਾਂ ਮਾਰਨ ਕਿ:—'ਜਲਦੀ ਹਮ ਕੋ ਬਾਹਰ ਨਿਕਾਲੋ, ਜਲਦੀ ਕਰੋ, ਹਮਾਰਾ ਜਾਨ ਨਿਕਲਤਾ ਹੈ।' ਜੇਲ੍ਹ ਅਫ਼ਸਰ ਨੇ ਜਿੰਦਰਾ ਖੋਲ੍ਹ ਕੇ ਝਟ ਹੀ ਪਾਦਰੀ ਸਾਹਿਬ ਨੂੰ ਬਾਹਰ ਕਢਿਆ। ਪਾਦਰੀ ਸਾਹਿਬ ਡੌਰ ਭੌਰ ਹੋਇਆ ਵਿਆ, ਬਾਹਰ ਆ ਕੇ ਅਤੇ ਬਾਹਰ ਦੀ ਹਵਾ ਲੈ ਕੇ ਕੁਛ ਸਾਹ ਵਿਚ ਸਾਹ ਆਇਆ ਤਾ ਆਖਣ ਲਗਾ:— ਨਿਕਾਲੋ ਉਸ ਗੁਰੂ ਕੇ ਸਿਖ ਕੋ ਕੋਠੀ ਸੇ ਬਾਹਰ, ਹਮਾਰੇ ਪਾਸ ਲਾਓ।'

ਮੈਨੂੰ ਤੁਰਤ ਅੰਦਰੋਂ ਬਾਹਰ ਕਢ ਕੇ ਉਸ ਦੇ ਪਾਸ ਲੈ ਗਏ। ਮੇਰੇ ਕੋਲ ਜਾਣ ਸਾਰ ਮੇਰੇ ਮੋਢੇ ਤੇ ਥਾਪੀਆਂ ਦੇ ਦੇ ਉਸ ਨੇ ਇਉਂ ਆਖਣਾ ਸ਼ੁਰੂ ਕੀਤਾ, ਵਾਹੋ ਦਾਹ ਮੁੜ ਮੁੜ ਆਖੀ ਜਾਵੇ:—

"ਵੈਲ, ਗੁਰੂ ਕੇ ਸਿਖ ! ਤੁਮਾਰਾ ਗੁਰੂ ਨਾਨਕ ਸਚ ਮੁਚ ਤੁਮਾਰੇ ਸਾਥ ਰਹਿਤਾ ਹੈ, ਤੁਮਾਰੇ ਪਾਸ ਰਹਿਤਾ ਹੈ। ਹਮਾਰਾ ਈਸਾ ਯਸੂਹ ਮਸੀਹ ਹਮਾਰੇ ਸਾਥ ਇਸ ਤਰ੍ਹਾਂ ਨਹੀਂ ਰਹਿਤਾ ਜੈਸੇ ਤੁਮਾਰਾ ਗੁਰੂ ਨਾਨਕ ਤੁਮਾਰੇ ਸਾਥ ਹਰ-ਦਮ ਰਹਿਤਾ ਹੈ। ਸਚ ਮੁਚ ਤੁਮਾਰਾ ਗੁਰੂ ਪਰਤਖ ਤੁਮਾਰੇ ਸੰਗ ਸਦਾ ਹੀ ਸਾਥ ਰਹਿਤਾ ਹੈ। ਜ਼ਰਾ ਫੇਰ ਪੜ੍ਹਨਾ ਉਸ ਸ਼ਬਦ ਕੋ, ਜੋ ਪਹਿਲੇ ਗਾਇਆ ਥਾ।" ਦਾਸ ਨੇ ਖੁਸ਼ੀਆਂ ਵਿਚ ਆ ਕੇ ਹੋਰ ਭੀ ਚੜ੍ਹਦੀ ਕਲਾ ਦੇ ਅਨੂਠੇ ਆਤਮ ਰੰਗ ਵਿਚ ਉਸੇ ਗੁਰ-ਸ਼ਬਦ ਦਾ ਅਲਾਪਨ ਕੀਤਾ, ਗਜ ਗਜ ਲਾਲੀਆਂ ਚੜ੍ਹ ਗਈਆਂ। ਸੁਣ ਕੇ ਪਾਦਰੀ ਸਾਹਿਬ ਕਹਿਣ ਲਗੇ ਕਿ ਹੁਣ ਏਸ ਸ਼ਬਦ ਦੀ ਹਕੀਕਤ ਦਾ ਪਤਾ ਲਗਾ। ਸਚ ਮੁਚ ਤੇਰੇ ਦਿਲ ਦੀਆਂ ਡੂੰਘਾਈਆਂ ਵਿਚ, ਤੇਰੇ ਰੋਮ ਰੋਮ ਵਿਚ, ਤੇਰੇ ਅੰਤਰ-ਆਤਮੇ ਦੇ ਤਹਿਖ਼ਾਨਿਆਂ ਵਿਚ ਤੇਰਾ ਗੁਰੂ ਸਦਾ ਡੇਰਾ ਲਾਈ ਰਖਦਾ ਹੈ, ਤੈਨੂੰ ਇਕੱਲ ਕਿਵੇ ਪਰਤੀਤ ਹੋਵੇ। ਮੈਂ ਪਰਤਖ ਅਜ਼ਮਾ ਕੇ ਦੇਖ ਲਿਆ ਹੈ ਕਿ ਇਨ੍ਹਾਂ ਕੋਠੀਆਂ ਦੀਆਂ ਹੋਰ ਤਕਲੀਫਾਂ ਤਾਂ ਲਾਂਭੇ ਰਹੀਆਂ, ਸਭ ਤੋਂ ਵਡੀ ਤਕਲੀਫ ਇਕੱਲ ਦੀ ਹੈ। ਮੈਨੂੰ ਹੋਰ ਤਕਲੀਫ ਤਾਂ ਕੋਈ ਨਹੀਂ ਹੋਈ ਜਿੰਨੀ ਕਿ ਇਕੱਲ ਦੀ। ਦਮ-ਬ-ਦਮ ਇਹੋ ਮਹਿਸੂਸ ਹੋਇਆ ਕਿ ਮੈਨੂੰ ਇਕੱਲ ਹੀ ਖਾਈ ਜਾਂਦੀ ਹੈ। ਧੰਨ ਹੈਂ ਗੁਰੂ ਦਿਆ ਸਿੱਖਾ ! ਜਿਸ ਨੇ ਸਾਲਾਂ ਬੱਧੀ ਕਾਲ ਕੋਠੜੀ ਅੰਦਰ ਇਕੱਲਿਆਂ ਗੁਜ਼ਾਰੇ। ਨਹੀਂ ਨਹੀਂ, ਮੈਂ ਫੇਰ ਭੱਲ ਕਰਦਾ ਹਾਂ, ਤੂੰ ਇਕੱਲਾ ਕਦੇ ਨਹੀਂ ਰਿਹਾ, ਪਰ ਗੁਜ਼ਾਰੀ ਤਾਂ ਆਪਣੇ ਆਤਮ-ਬਲ ਦੇ ਆਸਰੇ ਗੁਜ਼ਾਰੀ। ਤੈਨੂੰ ਤੇਰੇ ਗੁਰੂ ਦੀ ਜਾਗਤ ਜੋਤ ਸਦਾ ਹਾਜ਼ਰ ਨਾਜ਼ਰ ਦਿੱਸੀ। ਤੇਰਾ ਗੁਰੂ ਤੇਰੇ ਨਾਲ ਸਦਾ ਗੱਲਾਂ ਕਰਦਾ ਰਿਹਾ ਹੋਊ ਅਤੇ ਤੂੰ ਆਪਣੇ ਗੁਰੂ ਦੀਆਂ ਹਰ ਦਮ ਦਰਸ ਝਾਕੀਆਂ, ਬਾਤਨ ਬਾਤੀਆਂ ਵਿਚ ਮਗਨ ਰਹਿੰਦਾ ਹੋਵੇਂਗਾ, ਤਾਂਹੀਓਂ ਤਾਂ ਘਬਰਾਹਟ ਤੇਰੇ ਨੇੜੇ ਨਹੀਂ ਆਈ, ਨਾ ਹੀ ਇਕੱਲ ਦੇ ਕੁੜੱਲ ਤੇਰੇ ਸਰੀਰ ਨੂੰ ਹੀ ਪਏ। ਮੈਨੂੰ ਤਾਂ ਇਕੱਲ ਨੇ ਹੀ ਵਢ ਵਢ ਕੇ ਖਾ ਲਿਆ। ਵਾਹ ! ਧੰਨ ਸਿਖਾ ਤੂੰ, ਤੇ ਤੇਰਾ ਗੁਰੂ ਭੀ ਧੰਨ ਹੈ ਤੇ ਤੂੰ ਭੀ ਧੰਨ।

ਇਉਂ ਕਹਿੰਦਾ ਕਹਿੰਦਾ ਲਾਓ-ਲਸ਼ਕਰ ਨੂੰ ਨਾਲ ਲੈ ਕੇ ਚਲਾ ਗਿਆ। ਜੇਲ੍ਹ-ਗੇਟ ਤੇ ਜਾ ਕੇ ਜੇਲ੍ਹ ਦੀ ਲਾਗ ਬੁਕ ਮੰਗਵਾਈ ਅਤੇ ਉਸ ਲਾਗ ਬੁਕ ਉਤੇ ਦੋ ਤਿੰਨ ਸਫ਼ੇ ਭਰੇ ਤੇ ਬਹੁਤ ਕੁਛ ਲਿਖਿਆ। ਲਿਖਿਆ ਵੇਖਣ ਵਾਲੇ ਹਮਦਰਦਾਂ ਨੇ ਮੈਨੂੰ ਮੂੰਹ ਜ਼ਬਾਨੀ ਆ ਕੇ ਦਸਿਆ ਕਿ ਜੇਲ੍ਹ-ਜ਼ੁਲਮ ਦਾ ਖਾਕਾ ਚੰਗਾ ਖਿਚਿਆ ਹੈ। ਖ਼ਾਸ ਕਰਕੇ ਮੇਰੇ ਨਾਲ ਹੋ ਰਹੇ ਜੇਲ੍ਹ-ਜ਼ੁਲਮਾਂ ਨੂੰ ਬੇਮਿਸਾਲ ਜ਼ੁਲਮ ਦਸਿਆ ਹੈ। ਅੰਤ ਵਿਚ ਮੇਰੇ ਹੱਕ ਵਿਚ ਸਫਾਰਸ਼ ਭੀ ਕੀਤੀ ਹੈ। ਦਾਸ ਦੇ ਇਕ ਦੋ ਹਮਦਰਦਾਂ ਨੇ ਭਰੋਸਾ ਭੀ ਦਿਵਾਇਆ ਸੀ ਕਿ ਪਾਦਰੀ ਸਾਹਿਬ ਦੀ ਉਸ ਲਿਖਤ ਦਾ ਉਤਾਰਾ ਭੀ ਗੁਪਤੋ ਗੁਪਤੀ ਮੈਨੂੰ ਉਤਾਰ ਕੇ ਲਿਆ ਦਿਤਾ ਜਾਊ, ਪਰ ਇਹ ਅਵਸਰ ਹੱਥ ਨਾ ਹੀ ਲਗਾ।

ਜੇਲ੍ਹ ਲਾਗ-ਬੁਕ ਵਿਚ ਆਪਣੀ ਰਾਇ ਚੜ੍ਹਾਇ ਕੇ ਪਾਦਰੀ ਹੋਰੀਂ ਸਿਧੇ ਗਵਰਨਰ ਸੀ. ਪੀ. ਨੂੰ ਜਾ ਮਿਲੇ। ਖਬਰ ਨਹੀਂ ਉਥੇ ਜ਼ਬਾਨੀ ਕੀ ਕੁਛ ਸਿਫ਼ਾਰਸ਼ ਕੀਤੀ ਹੋਊ, ਪਰ ਓਦੂੰ ਤੀਜੇ ਦਿਨ ਹੀ ਜੇਲ੍ਹ-ਕਰਮਚਾਰੀਆਂ ਨੂੰ ਹੁਕਮ ਆ ਗਿਆ ਅਤੇ ਉਨ੍ਹਾਂ ਨੇ



www.AKJ.Org

ਚਾਲੀ ਕੈਦੀਆਂ ਦੇ ਨਿਵਾਸ ਵਾਲੀ ਖੁਲ੍ਹੀ ਹਵਾਦਾਰ ਬੈਠਕ ਸਾਰੀ, ਮੇਰੇ ਵਾਸਤੇ ਖ਼ਾਲੀ ਕਰਾ ਦਿਤੀ, ਜਿਸ ਵਿਚ ਜੇਲ੍ਹ ਦੇ ਨਲਕੇ ਲਗੇ ਹੋਏ ਸਨ, ਹਵਾ ਖੁਲ੍ਹੀ ਪੈਂਦੀ ਸੀ, ਅੰਦਰੇ ਟਹਿਲਣ ਜੋਗਾ ਥਾਉਂ ਵੀ ਕਾਫ਼ੀ ਸੀ,ਵਿਚੇ ਮੇਰੇ ਵਾਸਤੇ ਮਛਹਿਰੀ ਤਾਣੀ ਗਈ।ਮੈਨੂੰ ਤੰਗੋ ਤਾਰੀਕ ਕੋਠੀ ਵਿਚੋਂ ਕਢ ਕੇ ਉਸ ਬਾਰਕ ਵਿਚ ਲੈ ਗਏ। ਜੇਲ੍ਹ-ਕਰਮਚਾਰੀਆਂ ਨੇ ਇਹ ਭੀ ਆਖਿਆ ਕਿ ਤੇਰੇ ਨਾਲ ਦਾ ਸਾਥੀ (ਭਾਵ, ਵੀਰ ਕਰਤਾਰ ਸਿੰਘ) ਭੀ ਛੇਤੀ ਹੀ ਤੇਰੇ ਸਾਥ ਏਸੇ ਬਾਰਕ ਵਿਚ ਲੈ ਆਂਦਾ ਜਾਵੇਗਾ, ਪਰ ਉਹ ਛੇਤੀ ਵਾਲੀ ਸਾਇਤ ਆਉਣੀ ਨ ਪਾਈ ਕਿ ਮਹੀਨੇ ਦੇ ਅੰਦਰ ਅੰਦਰ ਹੀ ਪੰਜਾਬ ਗਵਰਨਮੈਂਟ ਵਲੋਂ ਮੇਰੇ ਪੰਜਾਬ ਭੇਜੇ ਜਾਣ ਦੀ ਤਾਰ ਆ ਗਈ। ਤਾਰ ਆਉਣ ਸਾਰ ਮੈਨੂੰ ਵਧਾਈਆਂ ਆਣ ਮਿਲੀਆਂ ਤੇ ਮੇਰੇ ਪੰਜਾਬ ਨੂੰ ਮੋੜੇ ਪੈਣ ਦੀਆਂ ਤਰੀਕਾਂ ਘੜੀਆਂ ਸਾਇਤਾਂ ਬਝ ਗਈਆਂ। ਜੇਲ੍ਹਰ ਤੇ ਸੁਪ੍ਰੰਟੰਡੰਟ ਨੇ ਆ ਕੇ ਮੈਨੂੰ ਆਖਿਆ ਕਿ ਇਹ ਚਾਲੇ ਨਹੀਂ, ਇਹ ਤਾਂ ਰਿਹਾਈਆਂ ਦੇ ਮਸਾਲੇ ਹਨ। ਬਸ, ਪੰਜਾਬ ਜਾਣ ਸਾਰ ਰਿਹਾਈਆਂ ਹੋ ਜਾਣੀਆਂ ਹਨ। ਅਸੀਂ ਤੁਹਾਨੂੰ ਇਕ ਦੋ ਸਿਪਾਹੀ ਨਾਲ ਦੇ ਕੇ ਬਗੈਰ ਹਥਕੜੀ ਬੇੜੀ ਦੇ ਪੰਜਾਬ ਨੂੰ ਤੋਰਨਾ ਹੈ।

ਮੈਂ ਉਹਨਾਂ ਪਾਸੋਂ ਇਹ ਮੰਗ ਮੰਗੀ ਕਿ ਮੇਰੇ ਵੀਰ ਪਿਆਰੇ ਸਾਥੀ ਭਾਈ ਕਰਤਾਰ ਸਿੰਘ ਨੂੰ ਹੁਣ ਤਾਂ ਮੇਰੇ ਪਾਸ ਲੈ ਆਵੋ ਤਾ ਕਿ ਕੁਛ ਚਿਰ ਇਕੱਠੇ ਰਹਿ ਲਈਏ। ਸੁਪ੍ਰੰਟੰਡੰਟ ਨੇ ਤਾਂ ਇਕਰਾਰ ਕਰ ਲਿਆ, ਪਰ ਜੇਲ੍ਹਰ ਨਾ ਮੰਨਿਆ, ਕਹਿਣ ਲਗਾ ਕਿ 'ਜੇ ਚਾਲੇ ਨ ਹੁੰਦੇ ਤਾਂ ਅਸੀਂ ਜ਼ਰੂਰ ਇਕੱਠੇ ਕਰ ਦਿੰਦੇ। ਉਸ ਨੂੰ ਪਾਲਾ ਮਾਰੇ ਕਿ ਕਿਤੇ ਭਾਈ ਕਰਤਾਰ ਸਿੰਘ ਉਤੇ ਕੀਤੇ ਗੁਪਤ ਜ਼ੁਲਮਾਂ ਦੀ ਵਿਥਿਆ ਬਾਹਰ ਨ ਲੈ ਜਾਵੇ; ਪਰ ਸੁਪ੍ਰੰਟੰਡੰਟ ਨੇ ਏਤਨੀ ਇਜਾਜ਼ਤ ਫੇਰ ਭੀ ਦੇ ਦਿਤੀ ਕਿ ਚਾਲਾਨ ਹੋਣ ਤੋਂ ਇਕ ਦੋ ਦਿਨ ਪਹਿਲਾਂ ਇਕ ਦਿਨ ਭਰ ਇਹ ਦੋਈ ਇਕੱਠੇ ਬਾਰਕ ਵਿਚ ਜ਼ਰੂਰ ਰਖੇ ਜਾਣ। ਸੋ ਇਕ ਦਿਨ ਵਾਸਤੇ ਸਾਨੂੰ ਇਕੱਠਿਆਂ ਕਰ ਹੀ ਦਿਤਾ। ਦੋ ਤਿੰਨ ਸਾਲਾਂ ਪਿਛੋਂ ਵਿਛੜੇ ਹੋਏ ਮਸਾਂ ਹੀ ਮਿਲੇ, ਆਪੋ ਆਪਣੀਆਂ ਸਿਰੀਂ ਬੀਤੀਆਂ ਕਹੀਆਂ, ਸੁਣੀਆਂ, ਦਰਦ ਦਿਲਾਂ ਦੇ ਫੋਲਣੇ ਫੋਲੇ, ਘੁਟ ਘੁਟ ਪਿਆਰ ਕੀਤੇ, ਦਿਲਾਂ ਦੀਆਂ ਰਾਜ਼-ਮਹਿਰਮੀ ਘੁੰਡੀਆਂ ਖੋਲ੍ਹੀਆਂ। ਉਹ ਦਿਨ-ਬਸੇਰਾ ਕਰ ਕੇ ਰੈਣ ਸਮੇਂ ਫੇਰ ਜੁਦਾ ਹੋ ਗਏ। ਇਕੋ ਦਿਵਸ ਦੇ ਮੇਲ ਦਾ ਚਮਤਕਾਰ ਸਾਡੇ ਵਿਜੋਗਾਂ ਦੇ ਭਾਰ ਲਾਹ ਗਿਆ। ਇਉਂ ਅਤੇ ਇਤ ਬਿਧ ਬਝ ਗਏ ਤਿਆਰੇ ਨਾਗਪੁਰ ਜੇਲ੍ਹ ਤੋਂ ਵਿਦਾ ਹੋਣ ਦੇ।

ਜ਼ਬਤ ਕੀਤੀਆਂ ਸਭ ਪੁਸਤਕਾਂ ਤੇ ਲਿਖਤੀ ਖਰੜੇ ਭੀ ਵਾਪਸ ਕਰ ਦਿਤੇ। ਜੇਲ੍ਹ ਵਿਚ ਬੰਦ ਹੋਣ ਦੀ ਤ੍ਰੀਕ ਸਮੇਂ ਦੀਆਂ ਜਾਮਾ-ਤਲਾਸ਼ੀ ਦੀਆਂ ਸਭ ਚੀਜ਼ਾਂ ਸ਼ਸਤਰ, ਬਸਤਰ, ਚੱਕਰ, ਮਾਲਾ, ਕੜੇ, ਕ੍ਰਿਪਾਨ ਆਦਕ ਸਭ ਵਾਪਸ ਕਰ ਦਿਤੀਆਂ। ਇਕ ਗਾਤਰੇ ਦੀ ਅਣਮੁਲੀ ਕ੍ਰਿਪਾਨ ਨ ਮਿਲੀ, ਖ਼ਬਰੇ ਕਿਥੇ ਗੁੰਮ ਹੋ ਗਈ। ਜ਼ਿਮੇਵਾਰ ਜੇਲ੍ਹ-ਕਲਰਕ ਨੇ ਬਥੇਰੀ ਟੋਲੀ, ਪਰ ਉਸ ਦਾ ਪਤਾ ਨਾ ਹੀ ਲਗਾ। ਓੜਕ ਜੇਲ੍ਹਰ ਨੇ ਨਿਮੋਝਾਣਾ ਹੋ ਕੇ ਆਖਿਆ ਕਿ ਕ੍ਰਿਪਾਨ ਦੀ ਕੀਮਤ ਦਸੋ ਕੀ ਹੈ? ਸੋ ਨਕਦ ਤਾਰ ਦਿਤੀ ਜਾਵੇ। ਮੈਂ ਆਖਿਆ, ਇਸ ਦੀ ਕੀਮਤ ਆਪ ਤੋਂ ਅਦਾ ਕੀਤੀ ਨਹੀਂ ਜਾ ਸਕਦੀ। ਕ੍ਰਿਪਾਨ ਦੀ ਕੋਈ ਕੀਮਤ ਪਾ ਹੀ ਨਹੀਂ ਸਕਦਾ, ਨਾ ਹੀ ਇਸ ਦੀ ਕੋਈ ਕੀਮਤ ਹੈ ਅਤੇ ਨਾ ਹੀ ਤੁਸੀਂ ਤਾਰਨ ਦੀ ਸਮਰਥਾ ਰਖਦੇ ਹੋ। ਉਹ ਤਾਂ ਜੋ ਕੀਮਤ ਮੈਂ ਦਸਦਾ ਤਾਰਨ ਨੂੰ ਤਿਆਰ ਹੀ ਸਨ, ਪਰ ਅਸੀਂ ਤਾਰ ਤਰਾਈ ਤੋਂ ਕੀ ਖੱਟਣਾ ਕਮਾਉਣਾ ਸੀ।

---

**ਸੋਧ ਲਓ ਜੀ** (ੳ) ਜੂਨ ੧੯੭੭ 'ਸੂਰਾ', ਪੰਨਾ ੩੨, ਹੇਠੋਂ ਸਤਵੀਂ ਸਤਰ ਬਿਲਿਹ ਦੀ ਥਾਂ ਬਲਿਹਿ ਪੜ੍ਹੋ।

(ਅ) ਜੂਨ ੧੯੭੭ 'ਸੂਰਾ' ਤਤਕਰੇ ਦੇ ਹੇਠ ਸ: ਹਰਬੰਸ ਸਿੰਘ ਜੀ ਦੀ ਥਾਂ ਸ: ਹਰਬੀਰ ਸਿੰਘ ਜੀ ਗੋਪਾਲ ਨਗਰ ਵਲੋਂ ੨੧-੦੦ ਦੀ ਸਹਾਇਤਾ ਹੈ।



www.AKJ.Org

# ਇਹ ਕੁਰੀਤੀਆਂ ਕਿਸ ਲਈ ?

[ਵਲੋਂ :– ਸ: ਇਕਬਾਲ ਸਿੰਘ ਜੀ, 4702 ਗੁਰੂ ਨਾਨਕ ਵਾੜਾਅੰਮ੍ਰਿਤਸਰ]

ਇਹ ਠੀਕ ਹੈ ਕਿ ਸਿੱਖੀ ਨੂੰ ਢਾਹ ਲਾਉਣ ਵਾਲੀਆਂ ਕਈ ਵਸਤੂਆਂ ਤੇ ਸਾਡਾ ਕੋਈ ਵੱਸ ਨਹੀਂ, ਜੈਸਾ ਕਿ ਟੈਲੀਵੀਜ਼ਨ, ਸਿਨੇਮਾ ਤੇ ਕਲੱਬਾਂ, ਸ਼ਰਾਬ-ਖ਼ਾਨੇ ਤੇ ਹੋਰ ਇਸ ਹੀ ਤਰ੍ਹਾਂ ਦੀਆਂ ਕਈ ਸੁਸਾਇਟੀਆਂ ਆਦਿ। ਪਰ ਕਈ ਐਸੇ ਵੀ ਕਾਰਨ ਹਨ ਜਿਨ੍ਹਾਂ ਕਰਕੇ ਅਸੀਂ ਨਿਤ ਕਰਮ ਅਨੁਸਾਰ ਆਪਣੀ ਲਾ-ਪਰਵਾਹੀ ਕਾਰਨ ਗੁਰੂ ਤੋਂ ਦੂਰ ਹੁੰਦੇ ਜਾ ਰਹੇ ਹਾਂ:-

ਅੱਜ ਕਲ ਸਿੱਖ ਬੱਚਿਆਂ ਨੂੰ ਨੰਗੇ ਸਿਰ ਗੁਰਦੁਆਰੇ ਆਉਣ ਦੀ ਇਕ ਪਿਰਤ ਪੈ ਗਈ ਹੈ, ਜੋ ਬਹੁਤ ਖ਼ਤਰਨਾਕ ਹੈ। ਕਈ ਬੱਚਿਆਂ ਨੂੰ ਨੰਗੇ ਸਿਰ ਵੇਖਦੇ ਹੋਏ ਪੁਛਣ ਪਰ (ਖ਼ਾਸ ਕਰਕੇ ਬੀਬੀਆਂ) ਜਦ ਉਹ ਆਪਣੇ ਆਪ ਨੂੰ ਅਠਵੀਂ ਜਾਂ ਨਾਵੀਂ ਦੇ ਵਿਦਿਆਰਥੀ ਦਸਦੇ ਹਨ ਤਾਂ ਮਨ ਨੂੰ ਭਾਰੀ ਦੁਖ ਹੁੰਦਾ ਹੈ। ਯਾਦ ਰਖੋ ਐਸੇ ਬੱਚੇ ਸਿਰਫ਼ ਆਪ ਹੀ ਸਿੱਖੀ ਤੋਂ ਪਤਿੱਤ ਹੋਣ ਵਿਚ ਕੋਈ ਦੇਰੀ ਜਾਂ ਵਿਚਾਰ ਨਹੀਂ ਕਰਨਗੇ ਸਗੋਂ ਹੋਰ ਬੱਚਿਆਂ ਨੂੰ ਵੀ ਗੁਰੂ ਤੋਂ ਦੂਰ ਲਿਜਾਣ ਦਾ ਕਾਰਨ ਬਣ ਸਕਦੇ ਹਨ। ਵੇਲਾ ਸੰਭਾਲਣ ਦੀ ਲੋੜ ਹੈ। ਮਾਤਾ ਪਿਤਾ ਦਾ ਫ਼ਰਜ਼ ਬਣਦਾ ਹੈ ਕਿ ਬੱਚੇ ਨਾਲ ਹੋਣ ਜਾਂ ਇਕੱਲੇ ਗੁਰ-ਦਵ ਰੇ ਜਾਣ, ਉਹਨਾਂ ਦੇ ਸਿਰ ਤੇ ਹਮੇਸ਼ਾ ਕਪੜਾ ਚਾਹੀਦਾ ਹੈ ਅਤੇ ਸਾਰੇ ਕੇਸ ਢੱਕੇ ਹੋਣੇ ਚਾਹੀਦੇ ਹਨ। ਇਹ ਕਹਿਣ ਵਿਚ ਕੋਈ ਅਤਿਕਥਨੀ ਨਹੀਂ ਕਿ ਨੰਗੇ ਸਿਰ ਗੁਰੂ ਕੋਲ ਜਾਣਾ ਗੁਰੂ ਸਾਹਿਬ ਦੀ ਬੇਅਦਬੀ ਕਰਨ ਤੁਲ ਹੈ।

ਦੂਸਰੀ ਬੇਨਤੀ ਵੱਡੀਆਂ ਬੀਬੀਆਂ ਦੇ ਸਿਰ ਢੱਕਣ ਬਾਰੇ ਹੈ। ਸਿੱਖ ਨੇ ਕੋਸ਼ਿਸ਼ ਕਰਨੀ ਹੈ ਜੀਵਨ ਵਿਚ ਤਬਦੀਲੀ ਲਿਆਉਣ ਦੀ ਤਾਂ ਜੁ ਸਤਿਗੁਰੂ ਦੀ ਕਿਰਪਾ ਦਾ ਪਾਤਰ ਬਣ ਸਕੇ। ਜੀਵਨ ਤਬਦੀਲ ਕਰਨ ਦੀ ਥਾਂ ਬੱਸਤਰ ਤਬਦੀਲ ਹੋਣੇ ਸ਼ੁਰੂ ਹੋ ਗਏ ਹਨ। ਮਾਈਆਂ ਤੇ ਬੀਬੀਆਂ ਨੂੰ ਜਦ ਸਿਰ ਤੇ ਅਜਿਹੀ ਚੁੰਨੀ ਲਈ ਦੇਖਦਾ ਹਾਂ ਜਿਸ ਵਿਚੋਂ ਸਾਰੇ ਕੇਸ ਨੰਗੇ ਹੀ ਦਿਸਦੇ ਹਨ (ਇਹ ਬਹੁਤ ਬਾਰੀਕ ਜਾਲੀ ਹੈ) ਤਾਂ ਸ਼ਰਮ ਨਾਲ ਸਿਰ ਝੁਕ ਜਾਂਦਾ ਹੈ। ਕੀ ਕਲਗੀਆਂ ਵਾਲੇ ਨੇ ਇਸੇ ਲਈ ਬੱਚੇ ਕੁਰਬਾਨ ਕੀਤੇ ਸਨ ? ਕੀ ਇਹਨਾਂ ਦੀ ਖ਼ਾਤਰ ਹੀ ਆਪਣਾ ਸਾਰਾ ਸਰਬੰਸ ਕੁਰਬਾਨ ਕਰਕੇ ਜੰਗਲਾਂ ਵਿਚ ਨੰਗੇ ਪੈਰੀਂ ਤੁਰੇ ਸਨ ? ਤੇ ਕੀ ਐਸੇ ਸਿੱਖਾਂ ਵਲ ਹੀ ਇਹ ਇਸ਼ਾਰਾ ਕੀਤਾ ਸੀ ਕਿ 'ਇਨਹੀ ਕੀ ਕਿਰਪਾ ਕੇ ਸਜੇ ਹਮ ਹੈਂ, ਨਹੀਂ ਮੋ ਸੋ ਗਰੀਬ ਕਰੋਰ ਪਰੇ।'' ਆਪਣਾ ਸਤ ਕਾਇਮ ਰੱਖਣ ਲਈ ਬੀਬੀਆਂ ਦੀ ਕੁਰਬਾਨੀ ਲਾਸਾਨੀ ਹੈ ਤੇ ਅਸੀਂ ਰੋਜ਼ ਅਰਦਾਸ ਵਿਚ ਉਹਨਾਂ ਨੂੰ ਯਾਦ ਕਰਦੇ ਹਾਂ। ਸਿਦਕ ਵਿਚ ਆਓ ਤੇ ਗੁਰੂ ਦੀ ਅਸੀਸ ਲੈ ਕੇ ਘਰ ਜਾਉ। ਐਸਾ ਕਪੜਾ ਜਿਸ ਵਿਚੋਂ ਕੇਸ ਜਾਂ ਸਰੀਰ ਦਾ ਕੋਈ ਅੰਗ ਦਿਸੇ, ਉਹ ਕੇਸਾਂ ਤੇ ਜਾਂ ਸਰੀਰ ਤੇ ਪਾਉਣ ਤੋਂ ਸੰਕੋਚ ਕਰੋ ਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ।

ਨੋਟ :—ਵੇਖਣ ਸੁਣਨ ਵਿਚ ਆ ਰਿਹਾ ਹੈ ਕਿ ਕਈ ਸ਼ਹਿਰਾ ਵਿਚ ਫ਼ੈਸ਼ਨ ਦੇ ਰੋੜ੍ਹ ਵਿਚ ਰੁੜ੍ਹੀਆਂ ਮਨਮਤਣਾਂ ਦੀ ਰੀਸ-ਘੜੀਸੇ ਕੁਝ ਅੰਮ੍ਰਿਤਧਾਰੀ ਬੀਬੀਆਂ ਵੀ ਮਨਮਤ ਭਰਿਆ ਕੋਝਾ ਪਹਿਰਾਵਾ ਧਾਰ ਕੇ ਇਕ ਅਨੋਖਾ ਜਲੂਸ ਕਢਦੀਆਂ ਹਨ, ਜਿਹਾ ਕਿ ਸੀਸ ਉਪਰ ਤਾਂ ਦਸਤਾਰ ਸਜਾਂਦੀਆਂ ਹਨ, ਪਰ ਲੱਕ ਸਾੜ੍ਹੀ ਬੰਨ੍ਹ ਕੇ ਅੱਧ-ਨੰਗੇ ਬਦਨ ਨਾਲ ਬਜ਼ਾਰਾਂ ਵਿਚ ਫਿਰਦੀਆਂ ਲੋਕਾਂ ਦੇ ਮਜ਼ਾਕ ਦਾ ਮੌਜ਼ੂਅ ਬਣਦੀਆਂ ਹਨ। ਇਹ ਉਨ੍ਹਾਂ ਤੇ ਉਨ੍ਹਾਂ ਦੇ ਘਰ ਵਾਲਿਆਂ ਸਿੰਘਾਂ ਵਾਸਤੇ ਬੜੀ ਸ਼ਰਮ ਦੀ ਗੱਲ ਹੈ।

ਸਾਦਗੀ ਅਖ਼ਤਿਆਰ ਕਰਨ ਨਾਲ ਹੀ ਮਨ ਤੇ ਸਾਦਗੀ ਦਾ ਪ੍ਰਭਾਵ ਪੈਂਦਾ ਹੈ। ਭੜਕੀਲੇ ਲਿਬਾਸ ਮਨ ਨੂੰ ਚੰਚਲ ਬਣਾਉਂਦੇ ਹਨ ਤੇ ਅਧ-ਨੰਗੇ ਪਹਿਰਾ-ਵਿਆਂ ਦੀ ਨੁਮਾਇਸ਼ ਵਿਕਾਰਾਂ ਨੂੰ ਸੱਦਾ ਦਿੰਦੀ ਹੈ। ਸਿਖ ਯੁਵਤੀਆਂ ਨੂੰ ਸ਼ਰਮ ਹਯਾ ਤੇ ਲਜਿਆ ਭਰਿਆ ਤਨ-ਢਕਵਾਂ ਤੇ ਸਾਦਾ ਪਹਿਰਾਵਾ ਹੀ ਸ਼ੋਭਨੀਕ ਹੈ।

—ਸੰਪਾਦਕ



www.AKJ.Org

# ਸ਼ਹੀਦ ਬਾਬਾ ਦੀਪ ਸਿੰਘ ਜੀ

[ਵਲੋਂ :–ਗਿਆਨੀ ਭਜਨ ਸਿੰਘ ਜੀ]

ਗੁਰਦਵਾਰਿਆਂ ਦੀ ਅਜ਼ਾਦੀ ਤੇ ਪਵਿੱਤਰਤਾ ਲਈ ਅਨੇਕਾਂ ਸਿੰਘਾਂ ਨੇ ਆਪਣੇ ਜੀਵਨ ਲੇਖੇ ਲਾਏ ਹਨ ਤੇ ਅਮਰ ਪਦਵੀ ਪਾ ਗਏ ਹਨ। ਇਹਨਾਂ ਸ਼ਹੀਦਾਂ ਵਿਚੋਂ ਬਾਬਾ ਦੀਪ ਸਿੰਘ ਜੀ ਉਹ ਮਹਾਨ ਸ਼ਹੀਦ ਹਨ ਜਿਨ੍ਹਾਂ ੮੦ ਸਾਲ ਦੀ ਬਿਰਧ ਆਯੂ ਵਿਚ ਅਜਿਹੀ ਤਲਵਾਰ ਚਲਾਈ, ਸ੍ਰੀ ਦਰਬਾਰ ਸਾਹਿਬ ਤਕ ਅਪੜਨ ਦਾ ਪ੍ਰਣ ਅਨੋਖੇ ਢੰਗ ਨਾਲ ਪੂਰਾ ਕਰ ਕੇ ਦਿਖਾਇਆ ਤੇ ਇਤਿਹਾਸ ਵਿਚ ਇਕ ਅਜਿਹੇ ਕਾਂਡ ਦਾ ਵਾਧਾ ਕੀਤਾ ਜਿਸ ਵਰਗੀ ਮਿਸਾਲ ਦੁਨੀਆ ਦੇ ਇਤਿਹਾਸ ਵਿਚ ਹੋਰ ਕਿਧਰੇ ਨਹੀਂ ਮਿਲਦੀ।

ਅਹਿਮਦ ਸ਼ਾਹ ਅਬਦਾਲੀ ਨੇ ਕਈ ਵਾਰ ਭਾਰਤ ਤੇ ਹਮਲਾ ਕੀਤਾ ਤੇ ਹਰ ਵਾਰ ਉਹਦਾ ਰਾਹ ਰੋਕਣ ਵਾਲੇ, ਉਹਦੀ ਫ਼ੋਜ ਨੂੰ ਨੁਕਸਾਨ ਪਹੁੰਚਾਣ ਵਾਲੇ ਤੇ ਉਹਦੇ ਨੀਅਤ ਕੀਤੇ ਹਾਕਮਾਂ ਦੀ ਅਥਾਰਟੀ ਨੂੰ ਚੈਲਿੰਜ ਕਰਨ ਵਾਲੇ ਸਿਖਾਂ ਤੋਂ ਉਹ ਬਹੁਤ ਦੁਖੀ ਸੀ। ਪੰਜਾਬ ਵਿਚ ਥਾਂ ਥਾਂ ਸਿਖਾਂ ਦੇ ਜਥੇ (ਮਿਸਲਾਂ) ਛਾ ਗਏ ਸਨ ਤੇ ਉਨ੍ਹਾਂ ਨੇ ਅਮਲੀ ਤੌਰ ਤੇ ਇਥੋਂ ਦੀ ਹਕੂਮਤ ਨੂੰ ਨਕਾਰਾ ਕਰ ਦਿੱਤਾ ਸੀ। ਰਾਖੀ ਸਿਸਟਮ ਚਾਲੂ ਕਰਕੇ ਸਿਖਾਂ ਨੇ ਲੋਕਾਂ ਨੂੰ ਸਰਕਾਰ ਦੀ ਥਾਂ ਆਪਣੀ ਅਗਵਾਈ ਵਿਚ ਆਉਣ ਲਈ ਰਾਹ ਬਣਾ ਦਿੱਤਾ।

ਅਹਿਮਦ ਸ਼ਾਹ ਅਬਦਾਲੀ ਨੇ ਇਹ ਹਾਲਤ ਦੇਖ ਕੇ ਕਰੜੇ ਤੇ ਜ਼ਾਲਮ ਇਨਸਾਨ ਜਹਾਨ ਖ਼ਾਨ ਨੂੰ ਲਾਹੌਰ ਦਾ ਗਵਰਨਰ ਨੀਅਤ ਕੀਤਾ ਤੇ ਉਹਨੂੰ ਇਸ ਗੱਲ ਦੀ ਪੱਕੀ ਕੀਤੀ ਕਿ ਉਹ ਸਿਖਾਂ ਦੀ ਹਸਤੀ ਤੇ ਨਾਮ ਨਿਸ਼ਾਨ ਖ਼ਤਮ ਕਰਨ ਲਈ ਆਪਣੀ ਪੂਰੀ ਵਾਹ ਲਾ ਦੇਵੇ। ਜਹਾਨ ਖ਼ਾਨ ਨੇ ਵੀ ਅਜਿਹੇ ਫ਼ੌਜੀ ਦਸਤੇ ਪਿੰਡਾਂ ਵਿਚ ਭੇਜ ਦਿਤੇ ਜਿਨ੍ਹਾਂ ਘਰ ਘਰ ਪੁਛ ਪੜਤਾਲ ਕਰ ਕੇ ਸਿਖਾਂ ਨੂੰ ਖ਼ਤਮ ਕਰਨ ਦੇ ਪ੍ਰੋਗਰਾਮ ਤੇ ਅਮਲ ਸ਼ੁਰੂ ਕਰ ਦਿਤਾ। ਇਸ ਹਤਿਆਰੇ ਕਦਮ ਨਾਲ ਪਿੰਡਾਂ ਵਿਚ ਸਿਖ ਨਜ਼ਰ ਆਉਣੇ ਬੰਦ ਹੋ ਗਏ ਤੇ ਸਭ ਦੂਰ ਦੁਰਾਡੇ ਜੰਗਲਾਂ ਵਿਚ ਚਲੇ ਗਏ।

ਜਹਾਨ ਖ਼ਾਨ ਨੂੰ ਕਿਸੇ ਨੇ ਦਸਿਆ ਕਿ ਜਦ ਤਕ ਅੰਮ੍ਰਿਤਸਰ ਵਿਚ ਸਿਖਾਂ ਦਾ ਸਰੋਵਰ ਤੇ ਦਰਬਾਰ ਸਾਹਿਬ ਕਾਇਮ ਹੈ, ਇਹ ਖ਼ਤਮ ਨਹੀਂ ਹੋ ਸਕਦੇ। ਕਿਤਨੀ ਵੀ ਸਖ਼ਤੀ ਕਰ ਲਈਏ, ਇਹ ਦਿਲ ਨਹੀਂ ਹਾਰਨਗੇ। ਇਥੇ ਸਰੋਵਰ ਵਿਚ ਇਸ਼ਨਾਨ ਕਰ ਕੇ ਤੇ ਦਰਬਾਰ ਸਾਹਿਬ ਮੱਥਾ ਟੇਕ ਕੇ ਇਹਨਾਂ ਨੂੰ ਨਵਾਂ ਜੀਵਨ, ਨਵਾਂ ਉਤਸ਼ਾਹ ਤੇ ਨਵਾਂ ਜੋਸ਼ ਮਿਲ ਜਾਂਦਾ ਹੈ, ਇਸ ਲਈ ਇਹ ਜੀਵਨ-ਸੋਮਾ ਖਤਮ ਕੀਤਾ ਜਾਏ। ਜਹਾਨ ਖ਼ਾਨ ਨੇ ਅੰਮ੍ਰਿਤਸਰ ਨੂੰ ਆਪਣਾ ਹੈੱਡ ਕੁਆਰਟਰ ਬਣਾ ਲਿਆ ਤੇ ਸਿਖਾਂ ਦੇ ਜਜ਼ਬਾਤ ਕੁਚਲਣ ਲਈ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਨੂੰ ਢਾਹ ਦਿੱਤਾ ਤੇ ਪਵਿੱਤਰ ਸਰੋਵਰ ਨੂੰ ਪੂਰ ਦਿਤਾ। ਇਹ ਗੱਲ ੧੭੬੦ ਈਸਵੀ ਦੀ ਹੈ।

ਜਹਾਨ ਖ਼ਾਨ ਦੀ ਇਸ ਕਾਰਵਾਈ ਦੀ ਖ਼ਬਰ ਸਿਖਾਂ ਨੂੰ ਦੂਰ ਦੁਰਾਡੇ ਜੰਗਲਾਂ ਵਿਚ ਵੀ ਜਾ ਪਹੁੰਚੀ ਤੇ ਸਾਰੀ ਸਿਖ ਕੌਮ ਵਿਚ ਗਮ ਤੇ ਗੁੱਸੇ ਦੀ ਲਹਿਰ ਫੈਲ ਗਈ। ਇਹਨਾਂ ਦਿਨਾਂ ਵਿਚ ਬਾਬਾ ਦੀਪ ਸਿੰਘ ਜੀ ਦਮਦਮਾ ਸਾਹਿਬ, ਸਾਬੋਕੀ ਤਲਵੰਡੀ (ਬਠਿੰਡਾ) ਵਿਚ ਰਹਿੰਦੇ ਹੁੰਦੇ ਸਨ। ਬਾਬਾ ਦੀਪ ਸਿੰਘ ਦੀ ਜੰਮਪਲ ਇਸ ਥਾਂ ਦੀ ਨਹੀਂ ਸੀ। ਆਪ ਜ਼ਿਲਾ ਲਾਹੌਰ ਦੇ ਪਿੰਡ ਪਾਹੂਵਿੰਡ ਦੇ ਰਹਿਣ ਵਾਲੇ ਸਨ ਤੇ ਜਦ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖ਼ਾਲਸੇ ਨੂੰ ਖੰਡੇ ਦਾ ਅੰਮ੍ਰਿਤ ਬਖ਼ਸ਼ਿਆ ਤਾਂ ਉਸ ਸਮੇਂ ਬਾਬਾ ਦੀਪ ਸਿੰਘ ਜੀ ਨੇ ਵੀ ਆਪਣੀ ਭਰ ਜਵਾਨੀ ਦੇ ਦਿਨਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਹੱਥਾਂ ਤੋਂ ਹੀ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ। ਆਪਣੇ ਸਮੇਂ ਦੇ ਉਘੇ ਵਿਦਵਾਨ ਸਨ। ਭਾਈ ਮਨੀ ਸਿੰਘ ਜੀ ਨਾਲ ਮਿਲ ਕੇ ਦਸਮ ਪਾਤਸ਼ਾਹ



www.AKJ.Org

ਦੇ ਹੁਕਮ ਅਨੁਸਾਰ ਲਿਖਾਈ ਦਾ ਕੰਮ ਕਰਦੇ ਰਹੇ।

ਜਦ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਬੀੜ ਦੀ ਤਿਆਰੀ ਦਾ ਕੰਮ ਮੜ ਕੇ ਅਰੰਭਿਆ ਤਾਂ ਉਸ ਸਮੇਂ ਨਾਲ ਸੇਵਾ ਕਰਨ ਦਾ ਬਾਬਾ ਦੀਪ ਸਿੰਘ ਜੀ ਨੂੰ ਵੀ ਮੌਕਾ ਮਿਲਿਆ। ਸੁੰਦਰ ਲਿਖਾਈ ਤੇ ਵਿਦ-ਵਤਾ ਕਰਕੇ ਆਪ ਦੀਆਂ ਲਿਖੀਆ ਬੀੜਾਂ ਦਾ ਪ੍ਰਕਾਸ਼ ਉਸ ਸਮੇਂ ਚਾਰੇ ਤਖ਼ਤ ਸਾਹਿਬਾਂ ਤੇ ਕੀਤਾ ਗਿਆ। ਜਦ ਗੁਰ ਗੋਬਿੰਦ ਸਿੰਘ ਜੀ ਦੱਖਣ ਵਲ ਗਏ ਤਾਂ ਬਾਬਾ ਦੀਪ ਸਿੰਘ ਜੀ ਨੂੰ ਗੁਰੂ ਕੀ ਕਾਸ਼ੀ, ਦਮਦਮਾ ਸਾਹਿਬ ਦੀ ਸੇਵਾ ਦਾ ਕੰਮ ਸੌਂਪ ਗਏ ਤੇ ਉਸ ਸਮੇਂ ਤੋਂ ਲੈ ਕੇ ੧੭੬੦ ਤਕ ਬਾਬਾ ਦੀਪ ਸਿੰਘ ਜੀ ਇਸੇ ਥਾਂ ਰਹੇ ਤੇ ਸਿਖੀ ਦਾ ਪ੍ਰਚਾਰ ਤੇ ਗੁਰਮਤ ਦੀ ਵਿਆਖਿਆ ਕਰਕੇ ਇਸ ਸਿਖ ਕੇਂਦਰ ਦਮਦਮਾ ਸਾਹਿਬ ਨੂੰ ਚਲਾਂਦੇ ਰਹੇ। ਕਿਹਾ ਜਾਂਦਾ ਹੈ ਕਿ ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਪਿਛੋਂ ਬਾਬਾ ਦੀਪ ਸਿੰਘ ਜੀ ਹੀ ਵਡੇ ਸਿਖ ਵਿਦਵਾਨ ਸਨ।

ਜਦ ਸ੍ਰੀ ਦਰਬਾਰ ਸਾਹਿਬ ਦੇ ਹੋਏ ਅਪਮਾਨ ਦੀ ਖਬਰ ਆਪ ਨੂੰ ਪਹੁੰਚੀ ਤਾਂ ਦਿਲ ਤੇ ਅਕਹਿ ਸਟ ਵਜੀ। ਅੰਦਰੋਂ ਦਿਲ ਨੇ ਟੁੰਬਿਆ ਤੇ ਉਸੇ ਵੇਲੇ ਆਪ ਨੇ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਫੈਸਲਾ ਕਰ ਲਿਆ ਤੇ ਆਸ ਪਾਸ ਦੇ ਸਿਖ ਟਿਕਾਣਿਆਂ ਤੇ ਇਤਲਾਹ ਭੇਜ ਦਿਤੀ। ਆਪ ਦੀ ਸ਼ਖ਼ਸੀਅਤ ਦਾ ਬੜਾ ਸਤਿਕਾਰ ਤੇ ਪ੍ਰਭਾਵ ਸੀ, ਇਸ ਲਈ ਝਟਪਟ ਸਿੰਘ ਆਪ ਦੀ ਅਗਵਾਈ ਹੇਠ ਇਕੱਠੇ ਹੋਣੇ ਸ਼ੁਰੂ ਹੋ ਗਏ ਤੇ ਮਾਲਵੇ ਵਿਚ ਕੂਚ ਕਰਦਿਆਂ ਕਰਦਿਆਂ, ਖ਼ਾਲਸਾ ਦਲ ਦੀ ਗਿਣਤੀ ਪੰਜ ਹਜ਼ਾਰ ਤੋਂ ਵਧ ਗਈ।

ਦਰਿਆ ਪਾਰ ਕਰਕੇ ਸਿੰਘ ਮਾਝੇ ਵਿਚ ਦਾਖ਼ਲ ਹੋ ਗਏ ਤੇ ਇਥੇ ਮਝੈਲ ਸਿੰਘ ਵੀ ਉਹਨਾਂ ਨਾਲ ਮਿਲ ਗਏ। ਸਿਧੇ ਤਰਨ ਤਾਰਨ ਪਹੁੰਚੇ ਤੇ ਇਥੇ ਗੁਰਦਵਾਰੇ ਦੇ ਦਰਸ਼ਨ ਕਰ ਕੇ ਅਰਦਾਸਾ ਕੀਤਾ। ਸੁੰਦਰ ਪੁਸ਼ਾਕਾ ਪਾ ਕੇ ਸ਼ਹੀਦੀ ਗਾਨੇ ਬੰਨ੍ਹ ਲਏ ਅਤੇ ਬਾਬਾ ਦੀਪ ਸਿੰਘ ਨੇ ਇਕ ਲਕੀਰ ਖਿਚੀ ਕਿ ਜੋ ਸ਼ਹੀਦੀ ਪਾਣ ਲਈ ਤਿਆਰ ਏ ਉਹ ਇਸ ਲਕੀਰ ਨੂੰ ਪਾਰ ਕਰੇ। ਸਭ ਸਿੰਘ ਲਕੀਰ ਟਪ ਗਏ ਤੇ ਜੈਕਾਰੇ ਛਡਦੇ ਅੰਮਿਤਸਰ ਵਲ ਵਧਣ ਲਗ ਪਏ।

ਅੰਮ੍ਰਿਤਸਰ ਸ਼ਹਿਰ ਤੋਂ ਪੰਜ ਮੀਲ ਬਾਹਰ ਪਿੰਡ ਗੋਹਲਵੜ ਵਿਚ ਜਹਾਨ ਖ਼ਾਨ ੨੦ ਹਜ਼ਾਰ ਫ਼ੌਜ ਲੈ ਕੇ ਆ ਮਿਲਿਆ। ਬੜੀ ਜ਼ਬਰਦਸਤ ਲੜਾਈ ਹੋਈ। ਗੁਸੇ ਤੇ ਜੋਸ਼ ਵਿਚ ਸਿੰਘਾਂ ਨੇ ਅਜਿਹਾ ਹਮਲਾ ਕੀਤਾ ਕਿ ਜਹਾਨ ਖ਼ਾਨ ਦੀ ਫ਼ੌਜ ਮੁਕਾਬਲੇ ਤੇ ਖੜੇ ਹੋਣ ਦਾ ਹੌਸਲਾ ਨਾ ਕਰ ਸਕੀ। ਉਹਦੀ ਫ਼ੌਜ ਪਿਛੇ ਹਟਦੀ ਗਈ ਤੇ ਸਿੰਘ ਤਲਵਾਰ ਵਾਂਹਦੇ ਸ਼ਹਿਰ ਦੇ ਨੇੜੇ ਆ ਗਏ।

ਬਾਬਾ ਦੀਪ ਸਿੰਘ ਜੀ ਦੇ ਸਹਾਇਕ ਸ: ਦਿਆਲ ਸਿੰਘ ਜੀ ਨੇ ਇਸ ਸਮੇਂ ਕਮਾਲ ਬੀਰਤਾ ਦਿਖਾਈ। ਆਪਣੇ ੫੦ ਜਵਾਨਾਂ ਦਾ ਜੱਥਾ ਲੈ ਕੇ ਇਹ ਸ਼ੇਰ ਮਰਦ ਪਠਾਣੀ ਫ਼ੌਜ ਨੂੰ ਚੀਰਦਾ ਹੋਇਆ ਜਹਾਨ ਖ਼ਾਨ ਦੇ ਹਾਥੀ ਪਾਸ ਪਹੁੰਚ ਗਿਆ ਤੇ ਅੱਖ ਦੇ ਝਮ-ਕਾਰੇ ਨਾਲੋਂ ਵੀ ਘਟ ਸਮੇਂ ਵਿਚ ਘੋੜੇ ਤੋਂ ਛਾਲ ਮਾਰ ਕੇ ਹਾਥੀ ਤੇ ਚੜ੍ਹ ਗਿਆ ਤੇ ਜਹਾਨ ਖ਼ਾਨ ਦਾ ਸਿਰ ਵਢ ਲਿਆ। ਇਹ ਘਟਨਾ ਭਗਤ ਲਛਮਣ ਸਿੰਘ ਨੇ ਆਪਣੀ ਪੁਸਤਕ 'ਸਿਖ ਮਾਰਟਰਜ਼' ਵਿਚ ਦਸੀ ਹੈ। ਕਈ ਇਤਿਹਾਸਕਾਰ ਲਿਖਦੇ ਹਨ ਕਿ ਜਹਾਨ ਖ਼ਾਨ ਇਸ ਸਮੇਂ ਨਹੀਂ ਮਾਰਿਆ ਗਿਆ ਸੀ।

ਸ਼ਹਿਰ ਦੇ ਦਰਵਾਜ਼ੇ ਨੇੜੇ ਰਾਮਸਰ ਪਾਸ ਫਿਰ ਬਹੁਤ ਸਖ਼ਤ ਲੜਾਈ ਹੋਈ। ਇਥੇ ਪਠਾਣੀ ਫ਼ੌਜ ਦੇ ਦੂਜੇ ਕਮਾਂਡਰ ਜਮਾਲ ਸ਼ਾਹ ਨੇ ਬਾਬਾ ਦੀਪ ਸਿੰਘ ਜੀ ਨੂੰ ਚੈਲਿੰਜ ਕੀਤਾ ਕਿ ਉਹਦੇ ਨਾਲ ਇਕੱਲੇ ਮੁਕਾਬਲਾ ਕਰ ਲੈਣ। ਜਮਾਲ ਸ਼ਾਹ ਅਜੇ ਜਵਾਨ ਸੀ ਤੇ ਬਾਬਾ ਦੀਪ ਸਿੰਘ ਜੀ ੮੦ ਸਾਲਾਂ ਦੀ ਉਮਰ ਦੇ ਬਿਰਧ; ਪਰ ਉਹਨਾਂ ਤੁਰਤ ਚੈਲਿੰਜ ਪ੍ਰਵਾਨ ਕਰਲਿਆ ਤੇ ਜ਼ਬਰਦਸਤ ਲੜਾਈ ਕੀਤੀ। ਇਸ ਸਮੇਂ ਸ਼ਹਿਰ ਦੀਆਂ ਗਲੀਆਂ ਖ਼ੂਨ ਤੇ ਲੋਥਾਂ ਨਾਲ ਭਰੀਆਂ ਗਈਆਂ। ਬਾਬਾ ਦੀਪ ਸਿੰਘ ਜੀ ਦੇ ਸਾਥੀ ਮੁਖੀ ਸ: ਧਰਮ ਸਿੰਘ, ਸ: ਖੇਮ ਸਿੰਘ, ਸ: ਮਾਨ ਸਿੰਘ, ਤੇ ਸ: ਰਾਮ ਸਿੰਘ ਵੀ ਅਨੇਕਾਂ ਸਿੰਘਾਂ ਸਮੇਤ



www.AKJ.Org

ਸ਼ਹੀਦ ਹੋ ਗਏ। ਬਾਬਾ ਦੀਪ ਸਿੰਘ ਜੀ ਸਖ਼ਤ ਜ਼ਖ਼ਮੀ ਹੋ ਗਏ, ਪਰ ਉਹ ਲੜਦੇ ਤੇ ਅਗੇ ਵਧਦੇ ਗਏ। ਕੁਝ ਇਤਿਹਾਸਕਾਰਾਂ ਦੀ ਲਿਖਤ ਅਨੁਸਾਰ ਉਹਨਾਂ ਦਾ ਸੀਸ ਧੜ ਤੋਂ ਵਖ ਹੋ ਗਿਆ, ਪਰ ਆਪਣਾ ਪ੍ਰਣ ਨਿਭਾਣ ਲਈ ਉਹਨਾਂ ਅੰਦਰ ਅਜਿਹੀ ਸ਼ਕਤੀ ਜਾਗੀ ਕਿ ਉਹਨਾਂ ਆਪਣਾ ਸੀਸ ਖਬੇ ਹੱਥ ਦੀ ਤਲੀ ਤੇ ਰੱਖ ਲਿਆ ਤੇ ਬਿਨਾਂ ਸੀਸ ਲੜਦੇ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਤਕ ਜਾ ਪਹੁੰਚੇ। ਇਥੇ ਅਪੜਦਿਆਂ ਤਕ ਹੋਰ ਪਠਾਣ ਜਰਨੈਲਾਂ ਵਿਚੋਂ ਵੀ ਸਾਬਰ ਅਲੀ ਖ਼ਾਨ ਤੇ ਰੁਸਤਮ ਅਲੀ ਖ਼ਾਨ ਜ਼ਬਰ-ਦਸਤ ਖ਼ਾਨ ਮਾਰੇ ਗਏ। ਇਹਨਾਂ ਜਰਨੈਲਾਂ ਨੂੰ ਮਾਰਨ ਵਾਲੇ ਅਣਖੀਲੇ ਸਿੰਘ ਸਰਦਾਰ, ਸ: ਹੀਰਾ ਸਿੰਘ ਤੇ ਸ: ਬਲਵੰਤ ਸਿੰਘ ਸਨ। ਜਦ ਇਤਨੇ ਜਰਨੈਲ ਮਾਰੇ ਗਏ ਤਾਂ ਪਠਾਣੀ, ਅਫ਼ਗਾਨ ਤੇ ਮੁਸਲਮਾਨ ਫ਼ੌਜ ਦੇ ਹੌਸਲੇ ਟੁਟ ਗਏ ਤੇ ਉਹ ਦਰਬਾਰ ਸਾਹਿਬ ਦਾ ਘੇਰਾ ਛਡ ਕੇ ਭਜ ਉਠੇ। ਬਾਬਾ ਦੀਪ ਸਿੰਘ ਜੀ ਤਾਂ ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਤਕ ਅਪੜ ਕੇ ਸ਼ਹੀਦੀ ਪਾ ਗਏ, ਪਰ ਬਾਕੀ ਸਿੰਘਾਂ ਨੇ ਅਟਾਰੀ ਤਕ ਪਿਛਾ ਕੀਤਾ ਤੇ ਪਠਾਣੀ ਫ਼ੌਜ ਤੋਂ ਸ੍ਰੀ ਦਰਬਾਰ ਸਾਹਿਬ ਦੀ ਬੇ-ਅਦਬੀ ਦਾ ਬਦਲਾ ਲਿਆ। ਉਹਨਾ ਦਾ ਬੇ-ਹਦ ਜਾਨੀ ਨੁਕਸਾਨ ਕੀਤਾ ਤੇ ਬਹੁਤ ਸਾਰਾ ਅਸਲਾ ਤੇ ਸਾਮਾਨ ਖੋਹ ਲਿਆ।

ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ-ਅਸਥਾਨ ਤੇ ਉਹਨਾਂ ਦੀ ਯਾਦਗਾਰ ਬਣੀ ਹੋਈ ਹੈ। ਬਾਬਾ ਜੀ ਦੇ ਸਾਥੀ ਸ਼ਹੀਦਾਂ ਦੀਆਂ ਯਾਦਗਾਰਾਂ ਦੇ ਵੀ ਗੁਰਦਵਾਰੇ ਅੰਮ੍ਰਿਤਸਰ ਵਿਚ ਹਨ। ਬਬੇਕਸਰ ਦੇ ਕੰਢੇ ਸ: ਧਰਮ ਸਿੰਘ ਜੀ ਦੀ ਯਾਦ ਵਿਚ ਗੁਰਦਵਾਰਾ ਹੈ। ਇਸ ਤਰ੍ਹਾਂ ਕਟੜਾ ਰਾਮਗੜ੍ਹੀਆ ਤੇ ਅਖਾੜਾ ਮਗਨੀ ਰਾਮ ਨੇੜੇ ਗੁਰਦਵਾਰੇ ਉਹਨਾਂ ਬਹਾਦਰਾਂ ਦੀ ਲਾ-ਮਿਸਾਲ ਕੁਰਬਾਨੀ ਤੇ ਸ਼ਹੀਦੀਆਂ ਦੀਆਂ ਯਾਦਗਾਰਾਂ ਹਨ।

ਬਾਬਾ ਦੀਪ ਸਿੰਘ ਜੀ ਦੀ ਉਮਰ ਦਾ ਬੁੱਢਾ ਜਰਨੈਲ ਇਤਿਹਾਸ ਵਿਚ ਹੋਰ ਕੋਈ ਨਹੀਂ ਮਿਲਦਾ ਤੇ ਨਾ ਹੀ ਜਿਵੇਂ ਆਪ ਨੇ ਸ਼ਹੀਦੀ ਪਾਈ ਉਸ ਤਰ੍ਹਾਂ ਕੋਈ ਮਿਸਾਲ ਕਿਸੇ ਵੀ ਦੇਸ਼ ਦੇ ਇਤਿਹਾਸ ਵਿਚੋਂ ਮਿਲਦੀ ਹੈ। ["ਸਾਡੇ ਸ਼ਹੀਦ" ਵਿਚੋਂ ਧੰਨਵਾਦ ਸਹਿਤ

# ਲੈਂਦੇ ਸਤਿਗੁਰ ਬਖ਼ਸ਼

[ਵਲੋਂ:– ਸ: ਦੇਵਾ ਸਿੰਘ ਜੀ 'ਕਿਰਤੀ' ਅੰਮ੍ਰਿਤਸਰ]

ਆਪਣਾ ਆਪ ਨਾ ਵੱਸ, ਏਸ ਮਨੁੱਖ ਦੇ।
ਸਭ ਇੰਦਰੇ ਬੇਵੱਸ, ਭਜੇ ਧਾਂਵਦੇ।
ਅੰਗ ਅੰਗ ਹਰ ਨਸ, ਨਸਣ ਜਿਸ ਤਰ੍ਹਾਂ।
ਆਪਣੇ ਆਪਣੇ ਰਸ, ਸਾਰੇ ਚਾਂਹਵਦੇ।
ਏਵੇਂ ਜਾਵਣ ਫਸ, ਵੇਂਹਦੇ ਵੇਂਹਦਿਆਂ।
'ਪੰਜੇ' ਲੈਂਦੇ ਖੱਸ, ਭੜਥੂ ਪਾਂਵਦੇ।
ਸਾਹਵੇਂ ਜਾਵਣ ਨੱਸ, ਪਕੜੇ ਜਾਣ ਨਾ।
ਰਾਤ ਦਿਨੇ ਘੜਮੱਸ, ਰਹਿਣ ਮਚਾਂਵਦੇ।
ਸਿਰ ਤੇ ਪੈਂਦੀ ਭੱਸ, ਦੁਖੀਏ ਹੋਂਦਿਆਂ।
ਕਰਦੇ ਆਣ ਤਰਸ, ਗੁਰ ਲੜ ਲਾਂਵਦੇ।
ਲੈਂਦੇ ਜਦੋਂ ਬਖਸ਼, ਚਰਨੀ ਲਾਇਕੇ।
ਰਸਤਾ ਦੇਵਣ ਦਸ, ਸੁਰਤ ਟਿਕਾਂਵਦੇ।
ਗੁਰਬਾਣੀ ਹਰਿ ਜਸ, ਜਾਂ ਰਸ ਆਂਵਦਾ।
ਦੁਖ ਦਲਿੱਦਰ ਹੱਸ, ਸਿਰੋਂ ਲੰਘਾਂਵਦੇ।
ਕਮਰਾਂ ਲੈਂਦੇ ਕੱਸ, ਪੁਰਖ ਸੁਜਾਨ ਓਹ।
'ਕਿਰਤੀ' ਖਟਣ ਜਸ, ਓਹ ਪੁਗ ਜਾਂਵਦੇ।

# ਯੂ. ਕੇ. ਦੇ ਸਿਖਾਂ ਨੂੰ ਲੋਹ-ਟੋਪ ਪਾਉਣ ਲਈ ਮਜਬੂਰ

ਇੰਗਲੈਂਡ ਦੀ ਸਰਕਾਰ ਇਕ ਨਵਾਂ ਕਾਨੂੰਨ 'ਸੇਫ਼ਟੀ ਐਕਟ' ਬਣਾ ਰਹੀ ਹੈ, ਜਿਸ ਦੇ ਅਧੀਨ ਸਿਖਾਂ ਨੂੰ ਭੀ, ਭਾਵੇਂ ਉਹ ਕਿਤੇ ਕਾਰਖ਼ਾਨੇ, ਡਾਕਖ਼ਾਨੇ ਜਾਂ ਕਿਸੇ ਟ੍ਰਾਂਸਪੋਰਟ ਜਾਂ ਕਿਸੇ ਹੋਰ ਖੇਤਰ ਵਿਚ ਕੰਮ ਕਰਦੇ ਹੋਣ, ਸਿਰ ਤੇ ਲੋਹ-ਟੋਪ ਪਾਉਣਾ ਪਵੇਗਾ। ਦਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਾਰਤ ਦੇ ਬ੍ਰਿਟਿਸ਼ ਕਮਿਸ਼ਨਰ ਨੂੰ ਇਸ ਸਬੰਧ ਵਿਚ ਭਾਰੀ ਪ੍ਰੋਟੈਸਟ ਕੀਤਾ ਹੈ। ਬ੍ਰਿਟਿਸ਼ ਸਰਕਾਰ ਨੂੰ ਸਿਖਾਂ ਦੇ ਧਾਰਮਿਕ ਜਜ਼ਬਾਤ ਦਾ ਅਹਿਸਾਸ ਕਰਦਿਆਂ ਹੋਇਆਂ, ਸਿਖਾਂ ਨੂੰ ਲੋਹ-ਟੋਪ ਦੀ ਛੋਟ ਦੇਣੀ ਚਾਹੀਦੀ ਹੈ।

*ਅਖੰਡ ਕੀਰਤਨੀ ਜੱਥਾ ਅੰਬਾਲਾ ਛਾਉਣੀ ਦੇ ਸਾਲਾਨਾ ਸਮਾਗਮ*
੧੧ ਤੋਂ ੧੫ ਅਗਸਤ ੧੯੭੭ ਨੂੰ ਹੋ ਰਹੇ ਹਨ।



www.AKJ.Org

## ਸਤਸੰਗਤਿ ਕੈਸੀ ਜਾਣੀਐ

[ਵਲੋਂ :– ਸ: ਦੇਵਾ ਸਿੰਘ ਜੀ 'ਕਿਰਤੀ' ਅੰਮ੍ਰਿਤਸਰ]

ਜਿਥੇ ਕੋਈ ਝੂਠਾ ਹੱਸੇ ਨਾ, ਜਿਥੇ ਕੋਈ ਝੂਠਾ ਰੋਵੇ ਨਾ।
ਜਿਥੇ ਕੋਈ ਝੂਠੀ ਉਸਤਤ ਵਿਚ, ਏਵੇਂ ਹੀ ਪਾਪ ਲਕੋਵੇ ਨਾ।
ਜਿਥੇ ਕੋਈ ਬਗਲ ਸਮਾਧੀ ਲਾ, ਠਗੀਆਂ ਦਾ ਜਾਲ ਤਣੋਵੇ ਨਾ।
ਜਿਥੇ ਕੋਈ ਨਿਰਾ ਵਿਖਾਲੇ ਦਾ, ਨੀਵੇਂ ਸਿਰ ਆਣ ਖਲੋਵੇ ਨਾ।
ਜਿਥੇ ਕੁਈ ਨਿੰਦਾ ਕਰ ਕਰ ਕੇ, ਪਿਆ ਮੈਲ ਪਰਾਈ ਧੋਵੇ ਨਾ।
ਜਿਥੇ ਦੁਬਿਧਾ ਤੇ ਧੜਿਆਂ ਦਾ, ਕੋਈ ਬੀਜ ਆਣ ਕੇ ਬੋਵੇ ਨਾ।
ਜਿਥੇ ਬਿਨ ਕੀਰਤ ਕਰਤੇ ਦੀ, ਕੋਈ ਸਾਕਤ ਗੀਤ ਸੁਣੋਵੇ ਨਾ।
'ਕਿਰਤੀ' ਉਹੋ ਸਤਸੰਗਤ ਹੈ, ਕੋਈ ਦੁਖੀਆ ਉਥੇ ਹੋਵੇ ਨਾ।

### *ਭਲਾ ਕਰਨਾ, ਭੁਲੋਂ ਡਰਨਾ, ਭਾਣਾ ਮੰਨਣਾ*

ਭਲਾ ਚਿਤਵਣਾ, ਭਲਾ ਮੰਗਣਾ, ਭਲਾ ਸਦਾ ਹੀ ਕਰਨਾ।
ਭੁੱਲੋਂ ਬਚਣਾ, ਭੁਲ ਮੰਨਣੀ, ਭੁਲ ਹੋਵੇ ਤਾਂ ਡਰਨਾ।
ਭਾਣਾ ਮੰਨਣ ਦਾ ਬਲ ਬਖ਼ਸ਼ੇ, ਜਿਸ ਨੂੰ ਸਤਗੁਰ ਪੂਰਾ,
'ਕਿਰਤੀ' ਉਸ ਨੂੰ ਸੌਖਾ ਦਿਸੇ, ਭਵ-ਸਾਗਰ ਤੋਂ ਤਰਨਾ।

---

## ਇੰਗਲੈਂਡ ਵਿਚ ਰੈਣ-ਸਬਾਈ ਕੀਰਤਨ

ਅਖੰਡ ਕੀਰਤਨੀ ਜੱਥਾ ਯੂ. ਕੇ. ਵਲੋਂ ਇਤਲਾਹ ਪੁਜੀ ਹੈ ਕਿ ੧੬ ਜੁਲਾਈ ੧੯੭੭ ਸ਼ਨੀਵਾਰ ਦੀ ਰਾਤ ਨੂੰ ਯੂ. ਕੇ. ਵਿਚ ਹੇਠ ਲਿਖੇ ਪਤੇ ਤੇ ਰੈਣ-ਸਬਾਈ ਕੀਰਤਨ ਹੋ ਰਹੇ ਹਨ :–

Guru Nanak Gurdwara, 5-New Walk, Leicester. Telephone Gurdwara (President) 0533/540101

**ਪੁੱਛ-ਗਿੱਛ**–ਭਾਈ ਜੋਗਿੰਦਰ ਸਿੰਘ ਜੀ ਲੈਸਟਰ Tele: 0533/537915

ਸਮੂਹ ਕੀਰਤਨ ਦੇ ਪਿਆਰੇ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖ਼ੁਸ਼ੀਆਂ ਪ੍ਰਾਪਤ ਕਰੋ।

---

## ਗੁਰਦੁਆਰਾ ਰਾਮਪੁਰ ਖੇੜਾ ਵਿਖੇ ਨਾਮ ਅਭਿਆਸ ਕਮਾਈ ਸਮਾਗਮ

### *ਇਕ ਹਫ਼ਤੇ ਲਈ ੧੧ ਜੁਲਾਈ ਤੋਂ ੧੭ ਜੁਲਾਈ ੧੯੭੭ ਐਤਵਾਰ ਤਕ ਹੋਵੇਗਾ*

ਪਿਛਲੇ ਸਾਲਾਂ ਵਾਂਗ ਗੁਰਦੁਆਰਾ ਸਾਹਿਬ ਵਿਖੇ ਨਾਮ ਅਭਿਆਸ ਸਮਾਗਮ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹੋ ਰਹੇ ਹਨ। ਨਾਮ, ਬਾਣੀ ਤੇ ਗੁਰਬਾਣੀ ਵੀਚਾਰ ਦੇ ਰਸੀਏ ਵੀਰ ਭੈਣਾਂ ਪੁਜ ਕੇ ਰਸ ਮਾਣੋ ਜੀ।

**ਅੰਮ੍ਰਿਤ ਵੇਲਾ**–੨-੦੦ ਤੋਂ ੮–੧੫ ਇਸ਼ਨਾਨ, ਨਿਤਨੇਮ, ਪ੍ਰਕਾਸ਼, ਨਾਮ ਅਭਿਆਸ, ਕੀਰਤਨ ਆਸਾ ਦੀ ਵਾਰ ਤੇ ਹੁਕਮ ਦੀ ਵੀਚਾਰ

**ਦੁਪਹਿਰ**–੧੦-੦੦ ਤੋਂ ੧੨-੩੦ ਸੁਖਮਨੀ ਸਾਹਿਬ ਤੇ ਗੁਰਬਾਣੀ ਵੀਚਾਰ।

**ਸ਼ਾਮ**–੪-੦੦ ਤੋਂ ੮-੦੦ ਨਾਮ ਅਭਿਆਸ, ਸੋਦਰ ਦੀ ਚੌਕੀ, ਅਰਦਾਸ ਤੇ ਸੁਖਾਸਨ।

**ਬਿਸਰਾਮ ਸਮੇਂ**–੯-੦੦ ਤੋਂ ੯-੩੦ ਨਾਮ ਅਭਿਆਸ (ਨਿਜੀ)।

**ਨੋਟ**:–੧. ਜ਼ੋਰਦਾਰ ਪ੍ਰਾਰਥਨਾ ਹੈ ਕਿ ਇਕਾਂਤ ਭੰਗ ਕਰਨ ਵਾਲੇ ਬੱਚੇ ਬਿਲਕੁਲ ਨਾ ਲਿਆਂਦੇ ਜਾਣ।
੨. ਦਸੂਹਾ ਹੁਸ਼ਿਆਰ ਪੁਰ ਰੋਡ ਤੇ ਗੜ੍ਹਦੀਵਾਲਾ ਬਸ ਸਟੈਂਡ ਦੇ ਨੇੜੇ ਪਿੰਡ ਗੋਂਦਪੁਰ ਉਤਰੋ ਜੀ।

**ਪੰਥ ਦਾ ਦਾਸ**:–ਹਰਨਾਮ ਸਿੰਘ, ਗੁ: ਰਾਮ ਪੁਰ ਖੇੜਾ, ਡਾਕਘਰ ਗੜ੍ਹਦੀਵਾਲਾ (ਹੁਸ਼ਿਆਰਪੁਰ)

www.AKJ.Org

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਇਸ ਮਹੀਨੇ ਪਹਿਲੇ ਮੈਂਬਰ ਦੇ 250/- ਰੁਪਏ ਅਤੇ ਬਾਕੀ ਸਭ ਦੇ ਸੌ ਸੌ ਰੁਪਏ ਪੁਜੇ ਹਨ। ਹੇਠ ਲਿਖੇ ਅਨੁਸਾਰ ਸਭ ਦੀਆਂ ਬੈਂਕ ਵਿਚ ਐਫ਼ ਡੀਆਂ ਬਣਵਾ ਦਿਤੀਆਂ ਹਨ—

| | | | |
|---|---|---|---|
| 260 ਸ. ਚਰਨ ਸਿੰਘ ਜੀ U. S. A. | (ਚਿਟ ਨੰ: 2049) | 398914/799/77 | ਮਿਤੀ 24-6-77 |
| 261. ਡਾ: ਮਹਿੰਦਰ ਸਿੰਘ ਜੀ | ( ,, 3261) | 398915/800/77 | ,, |
| 262. ਸਰਦਾਰਨੀ ਬਲਬੀਰ ਕੌਰ ਜੀ | ( ,, 3262) | 398916/801/77 | ,, |
| 263. ਸ. ਸੁਰਿੰਦਰ ਸਿੰਘ ਜੀ | ( ,, 3263) | 398925/810/77 | ,, |
| 264. ਡਾ: ਇੰਦਰਜੀਤ ਸਿੰਘ ਜੀ | ( ,, 3264) | 398917/802/77 | ,, |
| 265. ਮੈ: ਹੀਰਾ ਨੰਦ ਕਰਤਾਰ ਸਿੰਘ ਜੀ | ( ,, 3265) | 398918/803/77 | ,, |
| 266. ਸ: ਕਰਨੈਲ ਸਿੰਘ ਜੀ ਸੁਪਰਵਾਈਜ਼ਰ | ( ,, 3266) | 398919/804/77 | ,, |
| 267. Mrs. ਰਵੀ ਜੱਜ ਜੀ | ( ,, 3267) | 398920/805/77 | ,, |
| 268. ਸ: ਹਰਵੰਤ ਸਿੰਘ ਜੀ | ( ,, 3268) | 398921/806/77 | ,, |
| 269. ਸ ਸੁਰਿੰਦਰਸਿੰਘS/oਸ:ਗੁਰਦਿਆਲਸਿੰਘ | ( ,, 3269) | 398922/807/77 | ,, |
| 270. ਸ: ਜਸਵੰਤ ਸਿੰਘ ਜੀ ਪਾਂਧੀ | ( ,, 3270) | 398923/808/77 | ,, |
| 271. ਸ: ਪਰਿਤਪਾਲ ਸਿੰਘ ਜੀ | ( ,, 3271) | 398924/809/77 | ,, |

| | |
|---|---|
| ਦੇਸ ਵਾਸਤੇ ਅਮਾਨਤੀ ਲਾਈਫ਼ ਮੈਂਬਰੀ ਲਈ ਰਕਮ | 100/- |
| ਦੂਜੇ ਸਾਰੇ ਮੁਲਕਾਂ ਲਈ ਸਮੁੰਦਰੀ ਡਾਕ ਵਾਸਤੇ | 250/- |
| ਹਵਾਈ ਡਾਕ ਮਲਾਇਆ ਸਿੰਘਾਪੁਰ ਤੇ ਅਰਬ ਦੇਸਾਂ ਲਈ | 500/- |
| ,, ,, ਯੂ. ਕੇ, ਅਫ਼ਰੀਕਾ ਆਦਿ ਲਈ | 650/- |
| ,, ,, ਕੈਨੇਡਾ, ਅਮਰੀਕਾ ਆਦਿ ਲਈ | 750/- |

---

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | |
|---|---|
| ਸ: ਚਰਨ ਸਿੰਘ ਜੀ U. S. A. | 32-00 |
| ਸ: ਇਕਬਾਲ ਸਿੰਘ ਜੀ ਮਲਹੋਤਰਾ ਗੰਗਾ ਨਗਰ, ਭਤੀਜੇ ਦੇ ਜਨਮ ਦਿਨ ਦੀ ਖੁਸ਼ੀ ਵਿਚ | 11-00 |
| ਸ: ਨਿਰੰਜਨ ਸਿੰਘ ਐਂਡ ਸਨਜ਼ ਕਲਾਥ ਮਰਚੈਂਟਸ ਬੁਤਾਲਾ, ਲੜਕੇ ਦੇ ਵਿਆਹ ਦੀ ਖੁਸ਼ੀ ਵਿਚ | 5-00 |
| ਭਾ: ਜਗਤਾਰ ਸਿੰਘ ਜੀ ਡਰਬੀ | 8-01 |
| ਬੀਬੀ ਕਰਤਾਰ ਕੌਰ ਜੀ ਅੰਮ੍ਰਿਤਸਰ, ਸ: ਅਛਰ ਸਿੰਘ ਜੀ ਦੀ ਬਰਸੀ ਸਮੇਂ | 21-00 |
| ਇਕ ਪ੍ਰੇਮੀ ਜੀ | 15-00 |
| ਸ: ਨਰੈਣ ਸਿੰਘ ਜੀ ਹੁਬਲੀ, ਕਾਕਾ ਮਹਿੰਦਰ ਸਿੰਘ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | 11-00 |
| ਸ: ਅਜੀਤ ਸਿੰਘ ਕੈਰੋਂ | 4-00 |
| ਸ: ਭੁਪਿੰਦਰ ਸਿੰਘ ਜੀ ਕੁਵੈਂਟਰੀ ਯੂ, ਕੇ | 12-13 |
| ਸ: ਮਹਿੰਦਰ ਸਿੰਘ ਐਂਡ ਬ੍ਰਦਰਜ਼ ਲੀਮਿੰਗਟਨ ਯੂ. ਕੇ. | 222-90 |
| ਸ: ਗੁਰਨਾਮ ਸਿੰਘ ਤੇ ਬੀਬੀ ਸੀਤਲ ਕੌਰ ਯੂ. ਕੇ. ਬਚੀ ਸਰਨਜੀਤ ਦੀ ਪੰਜਵੀ ਵਰ੍ਹੇਗੰਢ ਦੀ ਖੁਸੀ ਦੇ ਅਖੰਡਪਾਠ ਭੋਗ ਸਮੇਂ | 163-46 |

www.AKJ.Org

# ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਜਨਮ-ਸ਼ਤਾਬਦੀ

ਸੰਬੰਧੀ ਵਿਚਾਰਾਂ ਕਰਨ ਲਈ

## *9-10 ਜੁਲਾਈ 1977 ਨੂੰ ਲੁਧਿਆਣੇ ਵਿਖੇ ਜੋੜਮੇਲ ਤੇ ਕਨਵੈਨਸ਼ਨ*

## *ਨਵੀਂ ਸਿਖ ਪਨੀਰੀ ਦੀ ਸੰਭਾਲ ਕਰਨੀ ਜ਼ਰੂਰੀ ਹੈ*

ਪੰਥ ਰਤਨ ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਸੌ-ਸਾਲਾ ਜਨਮ-ਦਿਨ ਮਿਤੀ ੭ ਜੁਲਾਈ ੧੯੭੮ ਨੂੰ ਆ ਰਿਹਾ ਹੈ । ਇਸ ਨੂੰ ਸੁਚੱਜੇ ਢੰਗ ਨਾਲ ਮਨਾਉਣ ਦਾ ਪ੍ਰੋਗਰਾਮ ਉਲੀਕਣ ਲਈ ਲੁਧਿਆਣਾ ਖੇਤੀ ਬਾੜੀ ਯੂਨੀਵਰਸਿਟੀ ਵਿਖੇ ਕਨਵੈਨਸ਼ਨ ਸਦੀ ਗਈ ਹੈ।

੯ ਜੁਲਾਈ ਰਾਤ ਨੂੰ ੭ ਵਜੇ ਰੈਣ ਸਬਾਈ ਕੀਰਤਨ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਿਖੇ ਹੋਵੇਗਾ, ਜਿਸ ਵਿਚ ਭਾਰਤ ਭਰ ਦੇ ਅਖੰਡ ਕੀਰਤਨੀ ਜਥੇ ਸ਼ਾਮਲ ਹੋਣਗੇ । ੧੦ ਜੁਲਾਈ ਸਵੇਰੇ ੭ ਵਜੇ ਰੈਣ ਸਬਾਈ ਕੀਰਤਨ ਦੇ ਭੋਗ ਪੈਣਗੇ । ਉਪਰੰਤ ੧੦ ਵਜੇ ਖੇਤੀ ਬਾੜੀ ਯੂਨੀਵਰਸਿਟੀ ਵਿਚ ਕਨਵੈਨਸ਼ਨ ਹੋਵੇਗੀ, ਜਿਸ ਵਿਚ ਅਖੰਡ ਕੀਰਤਨੀ ਜਥਿਆਂ ਤੋਂ ਇਲਾਵਾ ਪੰਥ ਦੇ ਮੁਖੀ ਸਜਣ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਮੁਖ ਸਜਣ ਅਤੇ ਪੰਜਾਬ ਸਰਕਾਰ ਦੇ ਨੁਮਾਇੰਦੇ ਵੀ ਸ਼ਾਮਲ ਹੋ ਰਹੇ ਹਨ ।

ਇਹ ਉਦਮ ਤਾਂ ਹੀ ਚੰਗਾ ਅਸਰਦਾਇਕ ਸਾਬਤ ਹੋ ਸਕਦਾ ਹੈ ਜੇ ਰਲ ਮਿਲ ਕੇ ਕੋਈ ਨਿਗਰ ਪ੍ਰੋਗਰਾਮ ਉਲੀਕ ਕੇ ਅਮਲ ਵਿਚ ਲਿਆਂਦਾ ਜਾਏ । ਇਸ ਗੱਲ ਦੀ ਡਾਢੀ ਲੋੜ ਹੈ ਕਿ ਜਿਵੇਂ ਭਾਈ ਸਾਹਿਬ ਜੀ ਨੇ ਸਾਰਾ ਜੀਵਨ ਪਹਾੜ ਵਾਂਗ ਅਹਿਲ ਨਿਸਚੇ ਨਾਲ ਔਕੜਾਂ ਤੇ ਤਸੀਹੇ ਸਹਿ ਸਹਿ ਕੇ ਵੀ ਗੁਰਮਤਿ-ਲੀਹਾਂ ਨੂੰ ਉਜਾਗਰ ਕੀਤਾ ਹੈ, ਉਸ ਨੂੰ ਰੁਸ਼ਨਾਇਆ ਜਾਏ ਅਤੇ ਸਦਾ ਕਾਇਮ ਰਖਣ ਦਾ ਬਾਨ੍ਹਣੂ ਬੰਨ੍ਹਿਆ ਜਾਏ ।

ਜਿਥੇ ਇਸ ਗੱਲ ਦੀ ਡਾਢੀ ਲੋੜ ਹੈ ਕਿ ਭਾਈ ਸਾਹਿਬ ਦੀਆਂ ਲਿਖੀਆਂ ਪੁਸਤਕਾਂ ਨੂੰ ਸੋਹਣੇ ਢੰਗ ਨਾਲ ਛਪਵਾ ਕੇ ਦੇਸ਼ਾਂ-ਬਦੇਸ਼ਾਂ ਵਿਚ ਘਰ ਘਰ ਪਹੁੰਚਾਇਆ ਜਾਏ ਉਥੇ ਨਾਲ ਹੀ ਉਤਨੀ ਹੀ ਵਧੇਰੇ ਲੋੜ ਹੈ ਕਿ ਨਵੀਂ ਪੁੰਗਰਦੀ ਸਿਖ ਪਨੀਰੀ ਦੀ ਸੰਭਾਲ ਕੀਤੀ ਜਾਏ।

ਅਜ ਕਲ੍ਹ ਦੇ ਸਰਦੇ ਪੁਜਦੇ ਸਿਖ ਘਰਾਣੇ ਆਪਣੇ ਬੱਚਿਆਂ ਨੂੰ ਮਾਡਰਨ ਅੰਗਰੇਜ਼ੀ ਪਬਲਿਕ ਸਕੂਲਾਂ ਵਿਚ ਦਾਖ਼ਲ ਕਰਾਉਣਾ ਫ਼ਖ਼ਰ ਸਮਝਦੇ ਹਨ । ਇਹ ਸੱਚਾਈ ਹੈ ਕਿ ਇਨ੍ਹਾਂ ਸਕੂਲਾਂ ਵਿਚ ਨਿਰੋਲ ਫ਼ੈਸ਼ਨ ਅਤੇ ਨਾਸਤਕਤਾ ਦੀ ਹੀ ਸਿਖਿਆ ਦਿਤੀ ਜਾਂਦੀ ਹੈ । ਜਵਾਨੀ ਤਕ ਤਾਂ ਇਨ੍ਹਾਂ ਸਕੂਲਾਂ ਕਾਲਜਾਂ ਵਿਚ ਬੱਚੇ ਸਿੱਖੀ ਤੋਂ ਕੋਰੇ ਦੇ ਕੋਰੇ ਹੁੰਦ ਹਨ ਤੇ ਇਸ ਉਮਰ ਤੋਂ ਬਾਅਦ ਉਨ੍ਹਾਂ ਦੀ ਸਿਖੀ ਫ਼ੈਸ਼ਨੇਬਲ ਸਿਖੀ ਹੀ ਰਹਿ ਜਾਂਦੀ ਹੈ । ਨਤੀਜਾ ਇਹ ਹੈ ਕਿ ਸਾਡੇ ਨੌਜਵਾਨ ਗੁਰਸਿਖੀ ਜੀਵਨ ਤੋਂ ਕਾਫੀ ਦੂਰ ਹੁੰਦੇ ਜਾਂਦੇ ਹਨ ।

ਇਸ ਵਿਗੜਦੀ ਹਾਲਤ ਨੂੰ ਸੰਵਾਰਨ ਲਈ ਅਤੀ ਜ਼ਰੂਰੀ ਹੈ ਕਿ ਥਾਂ ਥਾਂ ਅਜਿਹੇ ਵਿਦਿਆਲੇ ਖੋਲ੍ਹੇ ਜਾਣ, ਜਿਨ੍ਹਾਂ ਵਿਚ ਸਿਖ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਸਕੂਲੀ ਪੜ੍ਹਾਈ ਦੇ ਨਾਲ ਨਾਲ ਧਰਮ ਅਤੇ ਗੁਰਮਤਿ ਦੀ ਸੋਝੀ ਦਿਤੀ ਜਾਵੇ, ਅਤੇ ਸਿਖੀ ਅਨੁਸਾਰ ਜੀਵਨ ਜੀਉਣ ਦਾ ਢੰਗ ਦ੍ਰਿੜ ਕਰਾਇਆ ਜਾਏ । ਜਿਹਾ ਕਿ ਸਵੇਰੇ ਜਾਗਣਾ, ਇਸ਼ਨਾਨ ਕਰਨਾ, ਨਿਤਨੇਮ ਕਰਨਾ, ਗੁਰਦੁਆਰੇ ਦੀ ਹਾਜ਼ਰੀ ਭਰਨੀ ਅਤੇ ਅੰਮ੍ਰਿਤ ਛਕ ਕੇ ਪੰਜ ਕਕਾਰੀ ਰਹਿਤ ਦਾ ਧਾਰਨੀ ਹੋਣਾ ਆਦਿ । ਅਕਲੀ ਵਿਦਿਆ ਦੇ ਨਾਲ ਨਾਲ ਸਿਖੀ ਦੀ ਅਮਲੀ ਘਾਸੀ ਪਾਣ ਦੀ ਅਤੀ ਲੋੜ ਹੈ ।

ਅਜਿਹੇ ਕਾਰਜਾਂ ਲਈ ਅਤੀ ਜ਼ਰੂਰੀ ਹੈ ਕਿ ਨਿਰਮਾਣ ਤੇ ਲਗਨ ਵਾਲੇ ਗੁਰੂ ਕੇ ਸਿਖ ਅਗੇ ਆਉਣ । ਇਨ੍ਹਾਂ ਵਿਦਿਆਲਿਆਂ ਦੇ ਪਰਬੰਧਕ ਤੇ ਅਧਿਆਪਕ ਰਹਿਤਵਾਨ ਤੇ ਅਮਲੀ ਜੀਵਨ ਵਾਲੇ ਹੋਣ ਤਾਂ ਹੀ ਉਹ ਆਪਣੀ ਜੀਵਨ-ਛੁਹ ਨਾਲ ਬੱਚਿਆਂ ਤੇ ਚੰਗਾ ਪ੍ਰਭਾਵ ਪਾ ਸਕਦੇ ਹਨ ਅਤੇ ਉਨ੍ਹਾਂ ਨੂੰ ਗੁਰਮਤਿ ਦੇ ਸਚੇ ਵਿਚ ਢਾਲ ਸਕਦੇ ਹਨ ।

ਇਸ ਸਬੰਧ ਵਿਚ ਰਿਟਾਇਰ ਤੇ ਨਿਸ਼ਕਾਮ ਗੁਰਸਿਖਾਂ ਤੋਂ ਸੇਵਾ ਲਈ ਜਾ ਸਕਦੀ ਹੈ । ਜੇ ਕੋਈ ਅਜਿਹਾ ਪ੍ਰੋਗਰਾਮ ਉਲੀਕਿਆ ਜਾਵੇ ਤਾਂ ਕਈ ਗੁਰਸਿਖ ਨਿਸ਼ਕਾਮ ਸੇਵਾ ਲਈ ਨਿਤਰ ਪੈਣਗੇ ।

ਇਨ੍ਹਾਂ ਵਿਦਿਆਲਿਆਂ ਦੀ ਰਹਿਣੀ ਬਹਿਣੀ ਚੰਗੀ ਸੁਥਰੀ ਹੋਣੀ ਚਾਹੀਦੀ ਹੈ,ਪਰ ਖਰਚ ਘਟ ਤੋਂ ਘਟ,ਤਾਕਿ ਸਧਾਰਨ ਆਮਦਨ ਵਾਲੇ ਪਰਵਾਰ ਵੀ ਆਪਣੇ ਬੱਚਿਆਂ ਨੂੰ ਇਨ੍ਹਾਂ ਕੇਂਦਰਾਂ ਵਿਚ ਸਿਖਿਆ ਦਿਵਾ ਸਕਣ । ਬੱਚਿਆਂ ਲਈ ਰਿਹਾਇਸ਼ ਤੇ ਲੰਗਰ ਦਾ ਚੰਗਾ ਪਰਬੰਧ ਹੋਣਾ ਚਾਹੀਦਾ ਹੈ ।

ਪਹਿਲੋਂ ਪਹਿਲ ਤਜਰਬੇ ਲਈ ਇਕ ਵਿਦਿਆਲਾ ਕਿਸੇ ਯੋਗ ਥਾਂ ਉਤੇ ਜਾਂ ਤਪੋਬਨ ਕੁਮਾਰ ਹੱਟੀ ਵਿਖੇ ਚਾਲੂ ਕੀਤਾ ਜਾਵੇ । ਇਸ ਵਿਦਿਆਲੇ ਨੂੰ ਕਾਮਯਾਬ ਕਰ ਕੇ, ਇਨ੍ਹਾਂ ਲੀਹਾਂ ਤੇ ਹੀ ਹੋਰ ਹੋਰ ਥਾਵਾਂ ਤੇ ਇਸ ਤਰ੍ਹਾਂ ਦੇ ਗੁਰਮਤਿ ਸਿਖਿਆ ਕੇਂਦਰ ਜਾਰੀ ਕੀਤੇ ਜਾਣ, ਜਿਨ੍ਹਾਂ ਵਿਚੋਂ ਬੱਚੇ ਪੜ੍ਹ ਕੇ ਨਮੂਨੇ ਦੇ ਗੁਰਸਿਖ ਬਣ ਕੇ ਨਿਕਲਣ ।

ਬਸ, ਇਸ ਤਰ੍ਹਾਂ ਦੀ ਕੋਈ ਸਕੀਮ ਉਲੀਕ ਕੇ ਨਵੀਂ ਸਿਖ ਪਨੀਰੀ ਦੀ ਸੰਭਾਲ ਕਰਨੀ ਅਤੀ ਲੁੜੀਂਦੀ ਹੈ । ਸਿਖ ਪਨੀਰੀ ਨੂੰ ਸੰਭਾਲ ਕੇ ਹੀ ਸਿਖੀ ਕਾਇਮ ਰਖੀ ਜਾ ਸਕਦੀ ਹੈ। ਐਉਂ ਗੁਰੂ – ਪਿਆਰੇ – ਗੁਰਸਿਖਾਂ ਦੇ ਜਨਮ-ਦਿਨ ਮਨਾਉਣੇ ਸਫਲ ਹੋਣਗੇ। ਇਹ ਹੀ ਉਨ੍ਹਾਂ ਦੀ ਸਦੀਵੀ ਯਾਦ ਹੋਵੇਗੀ ।

ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

www.AKJ.Org